# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਐਡ. ਭਾਗ ਦੂਜਾ ਸਮੈਸਟਰ ਚੌਥਾ

ਪੇਪਰ : ਪੱਚੀ ਅਤੇ ਛੱਬੀ (ਅਗਵਾਈ ਅਤੇ ਪਰਾਪਰਸ਼) ਯੂਨਿਟ : 1

ਮੀਡੀਅਮ : ਪੰਜਾਬੀ

ਪਾਠ ਨੰ.


1.1 : ਅਗਵਾਈ : ਅਰਥ, ਮੰਤਵ ਅਤੇ ਲੋੜ ਅਤੇ ਕਿੱਤਈ

1.2 : ਅਗਵਾਈ ਦੀਆਂ ਸੇਵਾਵਾਂ : ਵਿੱਦਿਅਕ, ਕਿੱਤਈ, ਨਿਜੀ ਅਗਵਾਈ: ਉਨ੍ਹਾਂ ਦੇ ਅਰਥ, ਕਿਸਮਾਂ ਅਤੇ ਉਦੇਸ਼

1.3 : ਟੈਸਟਿੰਗ ਤਕਨੀਕਾਂ: ਮਾਨਸਿਕ ਯੋਗਤਾ, ਰੁਝਾਨ ਅਤੇ ਰੁਚੀਆਂ ਟੈਸਟ

1.4 : ਨਾਨ-ਟੈਸਟਿੰਗ ਤਕਨੀਕਾਂ: ਇੰਟਰਵਿਊ, ਰੇਟਿੰਗ ਸਕੇਲ, ਸੰਚਿਤ ਰਿਕਾਰਡ



**Department website : www.pbidde.org**

**ਅਗਵਾਈ : ਅਰਥ, ਮੰਤਵ ਅਤੇ ਲੋੜ**

**ਪਾਠ ਨੰ: 1.1**

**ਢਾਂਚਾ (Structure)**

1.1 **ਉਦੇਸ਼**
1.2 **ਭੂਮਿਕਾ**
1.3 **ਮਾਰਗਦਰਸ਼ਨ/ਅਗਵਾਈ ਦੇ ਅਰਥ**
1.3.1 **ਮਾਰਗਦਰਸ਼ਨ ਦੀਆਂ ਪਰਿਭਾਸ਼ਾਵਾਂ**
1.4 **ਮਾਰਗਦਰਸ਼ਨ ਦੇ ਉਦੇਸ਼ ਅਤੇ ਟੀਚੇ**
1.5 **ਮਾਰਗਦਰਸ਼ਨ ਦੀਆਂ ਲੋੜਾਂ**
1.6 **ਸਾਰ**
1.7 **ਸਵੈ-ਮੁਲਾਂਕਣ ਲਈ ਪ੍ਰਸ਼ਨ**
1.8 **ਸੁਝਾਏ ਪ੍ਰਸ਼ਨ**
1.9 **ਸੁਝਾਈਆਂ ਪੁਸਤਕਾਂ**
1.10 **ਵੈਬ ਸੋਮੇ**

## 1.1 ਉਦੇਸ਼ (Objectives) :

ਇਸ ਪਾਠ ਨੂੰ ਪੜ੍ਹਨ ਤੋਂ ਉਪਰੰਤ, ਵਿਦਿਆਰਥੀ ਇਸ ਯੋਗ ਹੋ ਜਾਣਗੇ ਕਿ :

- ਮਾਰਗਦਰਸ਼ਨ/ਅਗਵਾਈ ਦਾ ਅਰਥ ਅਤੇ ਉਦੇਸ਼ਾਂ ਨੂੰ ਸਮਝ ਸਕਣ
- ਮਾਰਗਦਰਸ਼ਨ ਦੀਆਂ ਲੋੜਾਂ ਬਾਰੇ ਜਾਣ ਸਕਣ
- ਮਾਰਗਦਰਸ਼ਨ ਦੇ ਅਰਥ ਅਤੇ ਉਦੇਸ਼ਾਂ ਨੂੰ ਪਰਿਭਾਸ਼ਿਤ ਕਰ ਸਕਣ
- ਮਾਰਗਦਰਸ਼ਨ ਦੀਆਂ ਲੋੜਾਂ ਨੂੰ ਪਰਿਭਾਸ਼ਿਤ ਕਰ ਸਕਣ
- ਵਿਕਾਸ ਦੇ ਵੱਖ-ਵੱਖ ਪੱਧਰਾਂ ਤੇ ਮਾਰਗਦਰਸ਼ਨ ਦੀਆਂ ਲੋੜਾਂ ਦੀ ਵਿਆਖਿਆ ਕਰ ਸਕਣ

## 1.2 ਭੂਮਿਕਾ (Introduction) :

ਅੱਜ ਦੇ ਯੁੱਗ ਵਿਚ ਮਾਰਗਦਰਸ਼ਨ ਦੀ ਮਹੱਤਤਾ ਸਿੱਖਿਆ ਦੇ ਨਵੇਂ ਢਾਂਚੇ 10+2+3 ਅਤੇ ਕਿੱਤਾਕਰਨ ਦੀ ਮਹੱਤਤਾ ਦੇ ਨਾਲ ਬਹੁਤ ਵੱਧ ਗਈ ਹੈ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਬਣਨ ਵਾਲੇ ਅਧਿਆਪਕਾਂ ਨੂੰ ਇਸ ਦੇ ਅਰਥ, ਉਦੇਸ਼ ਅਤੇ ਲੋੜ ਬਾਬਤ ਸਪੱਸ਼ਟ ਕੀਤਾ ਜਾਵੇ। ਅਧਿਆਪਕਾਂ, ਪ੍ਰਸ਼ਾਸਕਾਂ ਅਤੇ ਸੰਸਥਾਵਾਂ ਦੇ ਮੁਖੀਆਂ ਦੀ ਬੇਦਿਲੀ ਦੇ ਕਾਰਨ ਮਾਰਗਦਰਸ਼ਨ ਨੂੰ ਭਲੀਭਾਂਤੀ ਸਥਾਪਿਤ ਨਹੀਂ ਕੀਤਾ ਜਾ ਸਕਿਆ। ਜਦੋਂ ਕਿ ਐਸ. ਲੈਂਡ (S. Lynd) ਨੇ ਵੀ ਕਿਹਾ ਹੈ ਕਿ ਕਿਸੇ ਦਾ ਕਿੱਤਾ ਇਕ ਤਰ੍ਹਾਂ ਦਾ ਪਾਣੀ ਦਾ ਵਹਾਉ ਹੁੰਦਾ ਹੈ ਜਿਸ ਵਿਚ ਉਸ ਦਾ ਬਾਕੀ ਜੀਵਨ ਵਹਿੰਦਾ ਹੈ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਮਾਰਗਦਰਸ਼ਨ ਨੂੰ ਕਿੱਤਾਕਾਰੀ ਮਾਰਗਦਰਸ਼ਨ ਨਾਲ ਨਾ ਉਲਝਾਏ ਕਿਉਂਕਿ ਮਾਰਗਦਰਸ਼ਨ ਬਹੁਤ ਤਰ੍ਹਾਂ ਦੀ ਹੁੰਦੀ ਹੈ।

**1.3 ਮਾਰਗਦਰਸ਼ਨ ਦੇ ਅਰਥ (Meaning of Guidance) :** ਮਾਰਗਦਰਸ਼ਨ ਦੀ ਧਾਰਨਾ ਨੂੰ ਸਪੱਸ਼ਟ ਕਰਨ ਲਈ ਇਹ ਜ਼ਰੂਰੀ ਹੈ ਕਿ ਅਸੀਂ ਪਹਿਲਾਂ ਮਾਰਗਦਰਸ਼ਨ ਦੇ ਅਰਥ ਨੂੰ ਸਮਝ ਲਈਏ। ਗਾਈਡ ਕਰਨ ਦਾ ਅਰਥ ਹੈ ਕਿ ਰਸਤਾ ਦਿਖਾਣਾ, ਸੰਕੇਤ

ਕਰਨਾ ਜਾਂ ਦਿਸ਼ਾ-ਸੂਚਕ ਕਰਨਾ। ਇਹ ਸਹਾਇਤਾ ਨਾਲੋਂ ਕਿਤੇ ਜ਼ਿਆਦਾ ਕੁਝ ਹੈ। ਇਕ ਉਦਾਹਰਣ ਨਾਲ ਇਸ ਦਾ ਅਰਥ ਸਮਝਿਆ ਜਾ ਸਕਦਾ ਹੈ। ਇਕ ਵਿਅਕਤੀ ਗਲੀ ਵਿਚ ਡਿੱਗ ਪੈਂਦਾ ਹੈ। ਤੁਸੀਂ ਉਸ ਨੂੰ ਉੱਠਣ ਵਿਚ ਸਹਾਇਤਾ ਕਰਦੇ ਹੋ, ਫਿਰ ਤੁਸੀਂ ਉਸ ਨੂੰ ਉਸ ਦੇ ਨਿਸ਼ਾਨੇ ਬਾਰੇ ਪੁੱਛ ਕੇ ਉਸ ਨੂੰ ਇਕ ਰਸਤੇ ਵੱਲ ਜਾਣ ਲਈ ਨਿਰਦੇਸ਼ ਦਿੰਦੇ ਹੋ। ਤੁਸੀਂ ਥੋੜ੍ਹੀ ਦੂਰ ਉਸਦੇ ਨਾਲ ਜਾਂਦੇ ਹੋ ਤਾਂ ਕਿ ਵਿਅਕਤੀ ਸਹੀ ਰਸਤੇ ਵੱਲ ਜਾਵੇ। ਇਸ ਤਰ੍ਹਾਂ ਨਾਲ ਅਗਵਾਈ ਸਿਰਫ਼ ਸਹਾਇਤਾ ਕਰਨਾ ਹੀ ਨਹੀਂ ਸਗੋਂ ਸਹੀ ਨਿਸ਼ਾਨਾ ਲੱਭਣ ਵਿਚ ਕਿਸੇ ਦਾ ਮਾਰਗਦਰਸ਼ਨ ਕਰਨਾ ਹੈ।

**1.3.1 ਮਾਰਗਦਰਸ਼ਨ ਦੀਆਂ ਪਰਿਭਾਸ਼ਾਵਾਂ (Definitions of Guidance) :** ਮਾਰਗਦਰਸ਼ਨ ਨੂੰ ਵੱਖ-ਵੱਖ ਵਿਗਿਆਨੀਆਂ ਨੇ ਆਪਣੇ ਆਪਣੇ ਸ਼ਬਦਾਂ ਵਿਚ ਬੰਨਣ ਦਾ ਯਤਨ ਕੀਤਾ ਹੈ, ਅਸੀਂ ਇਨ੍ਹਾਂ ਵਿਚੋਂ ਕੁਝ ਇਕ ਨੂੰ ਘੋਖਣ ਦਾ ਯਤਨ ਕਰਾਂਗੇ।

1. ਕਰੋ ਅਤੇ ਕਰੋ ਅਨੁਸਾਰ, "ਅਗਵਾਈ ਉਹ ਸਹਾਇਤਾ ਹੈ ਜੋ ਕਿਸੇ ਸੁਯੋਗ ਸਲਾਹਕਾਰ ਵਲੋਂ ਕਿਸੇ ਵੀ ਉਮਰ ਦੇ ਵਿਅਕਤੀ ਦੀ ਕੀਤੀ ਜਾਂਦੀ ਹੈ ਤਾਂ ਕਿ ਉਹ ਵਿਅਕਤੀ ਆਪਣੀ ਜ਼ਿੰਦਗੀ ਦਾ ਆਪ ਮਾਲਕ ਬਣੇ, ਆਪਣੇ ਨਜ਼ਰੀਏ ਬਣਾਵੇ, ਆਪਣੇ ਫ਼ੈਸਲੇ ਖ਼ੁਦ ਲਵੇ ਅਤੇ ਆਪਣੀਆਂ ਸਮੱਸਿਆਵਾਂ ਨੂੰ ਖ਼ੁਦ ਹੱਲ ਕਰਨ ਦੇ ਕਾਬਿਲ ਹੋ ਜਾਵੇ।"
2. ਆਰਥਰ ਟੀ ਜੋਨਜ਼, "ਅਗਵਾਈ ਵਿਚ ਉਹ ਸਾਰੀ ਵਿਅਕਤੀਗਤ ਸਹਾਇਤਾ ਸ਼ਾਮਲ ਹੈ ਜਿਸ ਨਾਲ ਇਕ ਵਿਅਕਤੀ ਦਾ ਸਵੈ-ਨਿਰਦੇਸ਼ਨ ਵੱਲ ਵਿਕਾਸ ਹੋਵੇ। ਇਹ ਸਹਾਇਤਾ ਇਕ ਵਿਅਕਤੀ ਨੂੰ ਵੀ ਦਿੱਤੀ ਜਾ ਸਕਦੀ ਹੈ ਅਤੇ ਵਿਅਕਤੀ ਸਮੂਹ ਨੂੰ ਵੀ।
3. ਮੈਕਡੈਨੀਅਲ ਦਾ ਵਿਚਾਰ ਹੈ ਕਿ ਮਾਰਗਦਰਸ਼ਨ ਤੋਂ ਭਾਵ ਸਿੱਖਿਆ ਪ੍ਰੋਗਰਾਮ ਦੇ ਉਦੇਸ਼ ਪ੍ਰਾਪਤ ਕਰਨਾ ਨਹੀਂ ਹੈ। ਇਸ ਦਾ ਮੁੱਖ ਮਨੋਰਥ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਲੋੜੀਂਦੀਆਂ ਸੇਵਾਵਾਂ ਅਤੇ ਕੁਸ਼ਲਤਾਵਾਂ ਪ੍ਰਾਪਤ ਕਰਨ ਵਿਚ ਸਹਾਇਤਾ ਪ੍ਰਦਾਨ ਕਰਨਾ ਹੁੰਦਾ ਹੈ।
4. ਨੈਪ ਨੇ 'ਅਗਵਾਈ' ਦਾ ਵਰਨਣ ਕਰਦਿਆਂ ਕਿਹਾ ਕਿ 'ਅਗਵਾਈ' ਇਕ ਵਿਦਿਆਰਥੀ ਬਾਰੇ ਜਾਨਣਾ ਹੈ, ਉਹਨੂੰ ਆਪਣੇ ਆਪ ਬਾਰੇ ਜਾਨਣ ਵਿਚ ਸਹਾਇਤਾ ਕਰਨਾ ਹੈ ਅਤੇ ਉਸ ਦੇ ਆਲੇ-ਦੁਆਲੇ ਵਿਚ ਤਬਦੀਲੀ ਲਿਆਉਣਾ ਹੈ ਤਾਂ ਕਿ ਜਿੰਨਾ ਹੋ ਸਕੇ ਵਾਧਾ ਅਤੇ ਵਿਕਾਸ ਕਰ ਸਕੇ। ਅਗਵਾਈ ਇਕ ਗੁੰਝਲਦਾਰ ਪ੍ਰਕਿਰਿਆ ਹੈ। ਇਸ ਵਿਚ ਵਿਅਕਤੀ ਦੀਆਂ ਸਮੂਹ ਲੋੜਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਇਹ ਚੁਸਤ ਅਤੇ ਲਗਾਤਾਰ ਹੋਣੀ ਚਾਹੀਦੀ ਹੈ ਕਿਉਂਕਿ ਵਿਕਾਸ ਨਿਰੰਤਰ ਜਾਰੀ ਰਹਿੰਦਾ ਹੈ। ਇਸ ਤਰ੍ਹਾਂ ਨਾਲ 'ਅਗਵਾਈ' ਸਹੀ ਯੋਜਨਾ ਬਣਾਉਣ ਵਿਚ ਸਹਾਇਤਾ ਕਰਨਾ ਹੈ ਜਿਸ ਨਾਲ ਸਵੈ-ਵਿਕਾਸ ਅਤੇ ਕਾਮਯਾਬੀ ਮਿਲੇ।
5. ਹੈਮਰਿਨ ਅਤੇ ਐਰਿਕਸਨ, "ਅਗਵਾਈ ਨੂੰ ਸਿੱਖਿਆ ਦੇ ਉਹ ਪਹਿਲੂ ਪਰਿਭਾਸ਼ਿਤ ਕਰਦੇ ਹਨ ਜਿਸ ਦਾ ਸੰਬੰਧ ਵਿਸ਼ੇਸ਼ ਤੌਰ ਤੇ ਵਿਦਿਆਰਥੀ ਨੂੰ ਮੌਜੂਦਾ ਸਥਿਤੀ ਵਿਚ ਸਮਾਯੋਜਨ ਕਰਨ ਅਤੇ ਆਪਣੀਆਂ ਰੁਚੀਆਂ, ਯੋਗਤਾਂਵਾਂ ਅਤੇ ਸਮਾਜਿਕ ਲੋੜਾਂ ਅਨੁਸਾਰ ਆਪਣੇ ਭਵਿੱਖ ਨੂੰ ਯੋਜਨਾਬੱਧ ਕਰਨ ਵਿਚ ਸਹਾਇਕ ਹੋ ਸਕੇ।
6. ਲੀਫੈਵਰ ਅਨੁਸਾਰ, 'ਅਗਵਾਈ ਅਧਿਆਪਨ ਪ੍ਰਕ੍ਰਿਆ ਦਾ ਉਹ ਸਿਲਸਿਲੇਵਾਰ ਸੰਗਠਿਤ ਪਹਿਲੂ ਹੈ ਜੋ ਨੌਜਵਾਨ ਨੂੰ ਆਪਣੇ ਨਿਰਦੇਸ਼ਨ ਵਿਚ ਸਹਾਇਤਾ ਕਰਦਾ ਹੈ ਤਾਂ ਜੋ ਉਹ ਲੋਕਤੰਤਰਿਕ ਸਮਾਜ ਵਿਚ ਆਪਣਾ ਅਦੁੱਤੀ ਯੋਗਦਾਨ ਦੇਣ ਲਈ ਚੰਗੇ ਨਿਜੀ ਤਜ਼ਰਬੇ ਪ੍ਰਾਪਤ ਕਰ ਸਕੇ।'
7. ਟਰੈਕਸਲਰ ਅਗਵਾਈ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰਦਾ ਹੈ, "ਇਹ ਹਰ ਵਿਅਕਤੀ ਨੂੰ ਆਪਣੀਆਂ ਯੋਗਤਾਵਾਂ ਅਤੇ ਰੁਚੀਆਂ ਸਮਝਣ, ਉਨ੍ਹਾਂ ਨੂੰ ਜੀਵਨ ਦੇ ਟੀਚਿਆਂ ਨਾਲ ਸਬੰਧਿਤ ਕਰਨ, ਸਮਾਜਿਕ ਢਾਂਚੇ ਦੇ ਯੋਗ ਮੈਂਬਰ ਬਣਨ ਅਤੇ ਅੰਤ ਵਿਚ ਪੂਰੀ ਅਤੇ ਪ੍ਰੌੜ੍ਹ ਸਵੈ-ਅਗਵਾਈ ਦੀ ਹਾਲਤ ਵਿਚ ਪਹੁੰਚਣ ਵਿਚ ਸਹਾਇਕ ਹੋਣਾ ਹੈ।"
8. ਹੈਨਰੀਜ਼ ਅਤੇ ਟਰੈਕਸਲਰ ਦਾ ਵਿਚਾਰ ਹੈ ਕਿ ਮਾਰਗਦਰਸ਼ਨ ਵਿਅਕਤੀ ਨਾਲ ਸਵੈ-ਸੋਧ ਦੀ ਪ੍ਰਾਪਤੀ ਵੱਲ ਸੰਕੇਤ ਕਰਦਾ ਹੈ।
9. ਕਿਸਲਮ ਕਹਿੰਦਾ ਹੈ, "ਮਾਰਗਦਰਸ਼ਨ ਕਿਸੇ ਵਿਅਕਤੀ ਦੀ ਸਹਾਇਤਾ ਕਰਨ ਲਈ ਉਸ ਦੇ ਆਪਣੇ ਬਾਰੇ, ਆਪਣੀਆਂ ਰੁਚੀਆਂ ਬਾਰੇ, ਉਸ ਦੀ ਆਪਣੀ ਕਾਬਲੀਅਤ ਬਾਰੇ, ਉਸ ਦੇ ਪਿਛੋਕੜ ਬਾਰੇ, ਉਸ ਦੀਆਂ ਖਾਹਿਸ਼ਾਂ ਤੇ ਯੋਜਨਾਵਾਂ ਬਾਰੇ ਉਸ ਬਾਬਤ ਸੂਚਨਾ ਦਾ ਭੰਡਾਰ ਭਰਪੂਰ ਕਰਦੀ ਹੈ ਤੇ ਉਸ ਦੀ ਸਹਾਇਤਾ ਕਰਦੀ ਹੈ ਕਿ ਉਹ

ਆਪਣੀਆਂ ਸਮਾਜਿਕ ਤੇ ਵਿਵਸਾਇਕ ਸਮੱਸਿਆਵਾਂ ਦਾ ਧਿਆਨ ਕਰੇ, ਜਿਨ੍ਹਾਂ ਨਾਲ ਕਿ ਉਸਨੂੰ ਦੋ ਚਾਰ ਹੋਣਾ ਹੁੰਦਾ ਹੈ। ਇਨ੍ਹਾਂ ਦੋਹਾਂ ਪ੍ਰਕਾਰ ਦੀਆਂ ਵਾਕਫ਼ੀਅਤਾਂ ਦੇ ਉਪਰੰਤ ਕੌਂਸਲਰ ਦੀ ਸਹਾਇਤਾ ਨਾਲ ਵਿਦਿਆਰਥੀ ਦੀ ਮਦਦ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਸਕੇ ਤੇ ਉਨ੍ਹਾਂ ਦਾ ਯੋਗ ਹੱਲ ਲਭ ਸਕੇ। ਅਜਿਹੇ ਗਿਆਨ ਤੇ ਟਰੇਨਿੰਗ ਨਾਲ ਵਿਅਕਤੀ ਇਸ ਯੋਗ ਹੋ ਜਾਂਦਾ ਹੈ ਕਿ ਉਹ ਆਪਣੀਆਂ ਸਮੱਸਿਆਵਾਂ ਦਾ ਹੱਲ ਆਪ ਲੱਭ ਸਕਦਾ ਹੈ। ਸਕੂਲ ਵਿਚ ਮਾਰਗਦਰਸ਼ਨ ਦਾ ਮਨੋਰਥ ਹੁੰਦਾ ਹੈ ਕਿ ਵਿਦਿਆਰਥੀ ਆਪਣੇ ਅੰਦਰ ਦੀਆਂ ਰੁਚੀਆਂ ਨੂੰ ਇੰਝ ਵਿਕਸਤ ਕਰੇ ਕਿ ਉਹ ਆਪਣੀਆਂ ਸਮੱਸਿਆਵਾਂ ਦਾ ਹੱਲ ਲੱਭ ਸਕੇ ਅਤੇ ਅਜਿਹੇ ਕਦਮ ਚੁੱਕਣ ਯੋਗ ਹੋ ਸਕੇ ਕਿ ਉਹ ਸਾਰੇ ਜੀਵਨ ਵਿਚ ਸਫਲਤਾਪੂਰਵਕ ਆਪਣੀਆਂ ਸਮੱਸਿਆਵਾਂ ਦਾ ਯੋਗ ਤਰੀਕੇ ਨਾਲ ਸਾਹਮਣਾ ਕਰ ਸਕੇ ਤੇ ਉਨ੍ਹਾਂ ਦਾ ਹੱਲ ਲੱਭ ਸਕੇ।"

10. ਸਮਿਥ ਮਾਰਗਦਰਸ਼ਨ ਨੂੰ 'ਨਾਂਵ (Noun) ਦੇ ਤੌਰ ਤੇ ਵਰਣਨ ਦੇ ਵਿਰੁੱਧ ਹੈ ਅਤੇ ਇਹ ਸੁਝਾਅ ਦਿੰਦਾ ਹੈ ਕਿ ਇਸ ਦਾ ਪੱਖ ਮਾਰਗਦਰਸ਼ਨ ਸੇਵਾ ਵਧੇਰੇ ਢੁੱਕਵਾਂ ਹੈ। ਉਸ ਦਾ ਵਿਚਾਰ ਹੈ ਕਿ ਅਗਵਾਈ ਪ੍ਰਕਿਰਿਆ ਵਿਚ ਵਿਅਕਤੀ ਲਈ ਅਜਿਹੀ ਸੇਵਾ ਦਾ ਸਮੂਹ ਸ਼ਾਮਿਲ ਹੈ ਜਿਹੜੀਆਂ ਉਨ੍ਹਾਂ ਨੂੰ ਇਸ ਪ੍ਰਕਾਰ ਦੀਆਂ ਜਾਣਕਾਰੀਆਂ ਅਤੇ ਕੁਸ਼ਲਤਾਵਾਂ ਪ੍ਰਾਪਤ ਕਰਨ ਵਿਚ ਸਹਾਇਤਾ ਦਿੰਦੀਆਂ ਹਨ ਜਿਨ੍ਹਾਂ ਰਾਹੀਂ ਕਿ ਉਹ ਅਜਿਹੀਆਂ ਚੋਣਾਂ, ਯੋਜਨਾਵਾਂ ਅਤੇ ਵਿਆਖਿਆਵਾਂ ਕਰਨ ਦੇ ਯੋਗ ਹੋ ਜਾਂਦੇ ਹਨ ਜੋ ਭਿੰਨ-ਭਿੰਨ ਖੇਤਰਾਂ ਵਿਚ ਤਸੱਲੀਬਖਸ਼ ਸਮਾਯੋਜਨ ਕਰਨ ਲਈ ਜ਼ਰੂਰੀ ਹੁੰਦੀਆਂ ਹਨ। ਇਸ ਪ੍ਰੀਭਾਸ਼ਾ ਵਿਚ ਅਗਵਾਈ ਨੂੰ ਇਕ ਅਜਿਹੀ ਪ੍ਰਕਿਰਿਆ ਦੱਸਿਆ ਗਿਆ ਹੈ ਜਿਸ ਵਿਚ ਕਈ ਸੇਵਾਵਾਂ ਸ਼ਾਮਲ ਹਨ ਇਸ ਦਾ ਮੁੱਖ ਸੰਬੰਧ ਵਿਅਕਤੀਆਂ ਨੂੰ ਉਸਦੇ ਸਮਾਯੋਜਨ ਪ੍ਰਾਪਤ ਕਰਨ ਵਿਚ ਸਹਾਇਤਾ ਦੇਣਾ ਹੈ।

11. ਸੈਕੰਡਰੀ ਸਿੱਖਿਆ ਕਮਿਸ਼ਨ ਨੇ ਲਿਖਿਆ ਹੈ, "ਅਗਵਾਈ ਵਿਚ ਉਹ ਮੁਸ਼ਕਿਲ ਕਲਾ ਸ਼ਾਮਲ ਹੈ ਜਿਸ ਦੁਆਰਾ ਮੁੰਡੇ ਅਤੇ ਕੁੜੀਆਂ ਦੀ ਆਪਣੇ ਭਵਿੱਖ ਨੂੰ ਯੋਜਨਾਬੱਧ ਕਰਨ ਅਤੇ ਸੰਵਾਰਨ ਲਈ ਸਹਾਇਤਾ ਕੀਤੀ ਜਾਂਦੀ ਹੈ, ਇਸ ਸੰਬੰਧ ਵਿਚ ਉਨ੍ਹਾਂ ਦੇ ਆਪਣੇ ਬਾਰੇ ਅਤੇ ਦੁਨੀਆਂ ਬਾਰੇ, ਜਿਥੇ ਕਿ ਉਨ੍ਹਾਂ ਨੇ ਕੰਮ ਕਰਨਾ ਹੈ ਤੇ ਰਹਿਣਾ ਹੈ, ਉਨ੍ਹਾਂ ਸਾਰੇ ਤੱਤਾਂ ਨੂੰ ਸਿੱਖਣਾ ਜ਼ਰੂਰੀ ਹੈ।"

12. ਮਿਲਰ, ਫਿਰਊਹਲਿੰਗ ਅਤੇ ਲੈਵਿਸ ਦੇ ਸ਼ਬਦਾਂ ਵਿਚ ਮਾਰਗਦਰਸ਼ਨ ਇਕ ਅਜਿਹੀ ਪ੍ਰਕ੍ਰਿਆ ਹੈ ਜੋ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੀ ਸਵੈ-ਸੂਝ ਅਤੇ ਸਵੈ ਸੇਧ ਪ੍ਰਾਪਤ ਕਰਨ ਵਿਚ ਸਹਾਇਤਾ ਪ੍ਰਦਾਨ ਕਰਦੀ ਹੈ, ਜਿਸ ਤਰ੍ਹਾਂ ਦੀ ਕਿ ਲੋੜ ਉਨ੍ਹਾਂ ਨੂੰ ਅਣਰਸਮੀ (Informal) ਚੋਣਾਂ ਕਰਨ ਵਿਚ ਅਤੇ ਅਜਿਹਾ ਵਿਹਾਰ ਵਿਕਸਤ ਕਰਨ ਵਿਚ ਪੈਂਦੀ ਹੈ, ਜੋ ਉਨ੍ਹਾਂ ਲਈ ਸਵੈ-ਨਿਰਦੇਸ਼ਿਤ ਨਿਸ਼ਾਨਿਆਂ ਵਲ ਸੂਝਵਾਨ ਅਤੇ ਸਵੈ-ਸੋਧੇ ਢੰਗਾਂ ਰਾਹੀਂ ਅੱਗੇ ਵੱਧਣ ਲਈ ਲਾਜ਼ਮੀ ਹੁੰਦੀ ਹੈ।

13. ਚਿਸਲਮ ਦਾ ਵਿਚਾਰ ਹੈ ਕਿ ਅਗਵਾਈ ਕਿਸੇ ਵਿਅਕਤੀ ਨੂੰ ਆਪਣੀਆਂ ਖੂਬੀਆਂ ਮਲੂਮ ਕਰਨ ਤੇ ਆਪਣਾ ਅਸਥਾਨ ਭਾਲਣ ਵਿਚ ਮੱਦਦ ਕਰਨ ਦਾ ਅਮਲ ਹੈ।

14. ਰੁਥ ਸਟ੍ਰੈਂਗ ਦੇ ਸ਼ਬਦਾਂ ਵਿਚ ਅਗਵਾਈ ਹਰ ਵਿਅਕਤੀ ਦੀ ਉਸ ਦੀਆਂ ਆਪਣੀਆਂ ਕੋਸ਼ਿਸ਼ਾਂ ਦੁਆਰਾ ਮਦਦ ਦੇਣ ਦਾ ਅਮਲ ਹੈ।

15. ਫਾਊਲਰ ਦੀ ਰਾਇ ਅਨੁਸਾਰ ਅਗਵਾਈ ਦਾ ਮਨੋਰਥ ਇਹ ਹੈ ਕਿ ਵਿਦਿਆਰਥੀ ਵਧੇਰੇ ਅਨੁਕੂਲ ਮਿਲਾਨ ਪ੍ਰਾਪਤ ਕਰਨ ਦੇ ਯੋਗ ਹੋ ਸਕੇ।

16. ਕਿਟਸਨ ਅਗਵਾਈ ਨੂੰ ਨਿਜੀ ਕ੍ਰਿਤ ਸਿੱਖਿਆ ਕਹਿੰਦਾ ਹੈ।

ਸੋ, ਅਸੀਂ ਕਹਿ ਸਕਦੇ ਹਾਂ ਕਿ ਮਾਰਗਦਰਸ਼ਨ ਇਕ ਪ੍ਰਕਾਰ ਦੀ ਵਿਅਕਤੀਗਤ ਭਾਂਤ ਦੀ ਸੇਵਾ ਹੁੰਦੀ ਹੈ ਜੋ ਕਿ ਵਿਅਕਤੀ ਨੂੰ ਇਸ ਯੋਗ ਬਣਾਉਂਦੀ ਹੈ ਕਿ ਉਹ ਆਪਣੀ ਸਹਾਇਤਾ ਆਪ ਕਰ ਸਕੇ। ਇਹ ਜੀਵਨ ਭਰ ਨਿਰੰਤਰ ਚਲਣ ਵਾਲੀ ਸੇਵਾ ਹੁੰਦੀ ਹੈ ਜੋ ਕਿ ਆਪੇ ਵਿੱਚ ਉਪਲਬੱਧ ਹੁੰਦੀ ਹੈ ਤੇ ਆਪ ਹੀ ਸੇਧ ਦਿੰਦੀ ਹੈ। ਮੂਲ ਰੂਪ ਵਿੱਚ ਇਹ ਬਚਾਉ ਦਾ ਪ੍ਰਤੀਕ ਹੁੰਦੀ ਹੈ। ਇਸ ਦਾ ਮੁੱਦਾ ਵਿਅਕਤੀ ਨੂੰ ਜਾਂ ਵਿਦਿਆਰਥੀ ਨੂੰ ਇਹ ਅਹਿਸਾਸ ਕਰਵਾਉਣਾ ਹੁੰਦਾ ਹੈ ਕਿ ਇਹ ਉਹ ਆਪਣੇ ਆਪੇ ਨੂੰ ਅਸਲੀਅਤ ਵਿੱਚ ਬਦਲ ਸਕੇ ਬਜਾਏ ਇਸ ਦੇ ਕਿ ਉਹ ਸਮੱਸਿਆ ਦਾ ਹੱਲ ਲੱਭ ਸਕੇ। ਇਹ ਇਕ ਕਿੱਤਾਕਾਰੀ ਵਿਹਾਰ ਹੁੰਦਾ ਹੈ ਜੋ ਕਿ ਵਿਗਿਆਨਕ ਤਕਨੀਕਾਂ ਤੇ ਆਧਾਰਿਤ ਹੁੰਦਾ ਹੈ ਜਿਸ ਨਾਲ ਵਿਅਕਤੀ ਆਪਣੀ ਸਮੱਸਿਆ ਦਾ ਵਿਸ਼ਲੇਸ਼ਣ ਕਰਦਾ ਹੈ ਤੇ ਉਸ

ਦਾ ਹੱਲ ਲੱਭ ਲੈਂਦਾ ਹੈ।

**1.4 ਮਾਰਗਦਰਸ਼ਨ ਦੇ ਉਦੇਸ਼ ਅਤੇ ਟੀਚੇ (Objectives and Purposes of Guidance) :**

ਮਾਰਗਦਰਸ਼ਨ ਦਾ ਮੁੱਖ ਉਦੇਸ਼ ਜਾਂ ਟੀਚਾ ਵਿਅਕਤੀ ਨੂੰ ਇਸ ਯੋਗ ਬਣਾਉਣਾ ਹੈ ਕਿ ਉਹ ਆਪਣੇ ਫੈਸਲੇ ਆਪ ਲੈ ਸਕੇ , ਆਪਣੀਆਂ ਯੋਗਤਾਵਾਂ, ਭਾਵਨਾਵਾਂ, ਕੁਸ਼ਲਤਾਵਾਂ, ਰੁਝਾਨਾਂ, ਰੁਚੀਆਂ ਆਦਿ ਨੂੰ ਮਲੂਮ ਕਰ ਸਕੇ ਤਾਂ ਜੋ ਉਹ ਸਹੀ ਢੰਗ ਨਾਲ ਆਪਣੇ ਵਿਅਕਤੀਤਵ ਨੂੰ ਪਛਾਣ ਸਕੇ। ਉਹ ਸਥਿਤੀ ਨੂੰ ਪਛਾਣ ਸਕੇ ਭਾਵੇਂ ਉਹ ਨਿਜੀ, ਵਿਦਿਅਕ ਜਾਂ ਕਿੱਤਈ ਹੋਵੇ। ਸਥਿਤੀ ਨੂੰ ਪਛਾਣਦਾ ਹੋਇਆ ਉਹ ਇਸ ਯੋਗ ਹੋ ਜਾਵੇ ਕਿ ਉਹ ਆਪਣੇ ਫੈਸਲੇ ਆਪ ਕਰ ਸਕੇ। ਸਿੱਖਿਆ ਦੇ ਖੇਤਰ ਵਿਚ ਪੁਰਾਣੇ ਸਮੇਂ ਨਾਲੋਂ ਹੁਣ ਸੈਕੰਡਰੀ ਸਕੂਲਾਂ ਦੀ ਜ਼ਿੰਮੇਵਾਰੀ ਵੱਧ ਗਈ ਹੈ। ਇੰਝ ਇਸ ਕਰਕੇ ਹੋਇਆ ਹੈ ਕਿ ਜ਼ਿੰਦਗੀ ਜਿਆਦਾ ਗੁੰਝਲਦਾਰ ਹੋ ਗਈ ਹੈ ਅਤੇ ਇਸ ਦੀਆਂ ਮੰਗਾਂ ਵੱਧ ਗਈਆਂ ਹਨ। ਸਿੱਖਿਆ ਵਿਭਿੰਨ ਤਰ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿਚ ਸਹਾਇਕ ਹੁੰਦੀ ਹੈ ਖਾਸ ਕਰਕੇ ਕਿਸ਼ੋਰਾਂ ਦੀ।

ਮਾਰਗਦਰਸ਼ਨ ਦੇ ਕੁਝ ਉਦੇਸ਼ ਹੇਠ ਲਿਖੇ ਅਨੁਸਾਰ ਹਨ।

**1. ਵਿਅਕਤੀ ਨੂੰ ਭਲੀ ਭਾਂਤੀ ਸਮਝਣਾ (To Understand the Individual):** ਵਿਅਕਤੀ ਦੀਆਂ ਭਾਵਨਾਵਾਂ, ਰੁਚੀਆਂ, ਯੋਗਤਾਵਾਂ, ਖ਼ਾਸੀਅਤਾਂ, ਗੁਣ ਤੇ ਦੋਸ਼ਾਂ ਨੂੰ ਲੱਭਣਾ ਅਤੇ ਸਮਾਜਿਕ ਅਨੁਭਵ ਦਾ ਮੁਲਾਂਕਣ ਕਰਕੇ ਆਪਣੇ ਆਪ ਨੂੰ ਰੋਜ਼ਾਨਾ ਜੀਵਨ ਵਿਚ ਯੋਗ ਢੰਗ ਨਾਲ ਵਰਤਣਾ।

**2. ਸਮਾਯੋਜਨ ਪ੍ਰਾਪਤ ਕਰਨ ਵਿਚ ਵਿਅਕਤੀ ਦੀ ਮਦਦ (Helping the individual in Making Adjustment):** ਵਿਅਕਤੀਆਂ ਦੀ ਘਰ, ਸਕੂਲ, ਅਧਿਆਪਕਾਂ, ਵਿਦਿਆਰਥੀਆਂ ਨਾਲ ਸੂਚਨਾ ਸੇਵਾਵਾਂ ਵਿਚ ਪ੍ਰਬੰਧ ਕਰਕੇ ਤਸੱਲੀਬਖਸ਼ ਤੇ ਸਮਾਯੋਜਨ ਪ੍ਰਾਪਤ ਕਰਨ ਵਿਚ ਸਹਾਇਤਾ ਕਰਨਾ।

**3. ਵਿਅਕਤੀਗਤ ਯੋਗਤਾਵਾਂ ਅਤੇ ਸੰਭਾਵਨਾਵਾਂ ਦਾ ਵਿਕਾਸ (Development of Personal Abilities and Potentialities):** ਵਿਅਕਤੀਆਂ ਦੀਆਂ ਯੋਗਤਾਵਾਂ, ਸੰਭਾਵਨਾਵਾਂ ਤੇ ਦ੍ਰਿਸ਼ਟੀਕੋਣ ਵਿਕਸਿਤ ਕਰਨ ਵਿਚ ਸਰੀਰ, ਮਨ, ਚਰਿੱਤਰ ਦਾ ਵਿਕਾਸ ਕਰਨਾ ਅਤੇ ਆਪਣੀਆਂ ਸਮੱਸਿਆਵਾਂ ਨੂੰ ਸੁਤੰਤਰਤਾਪੂਰਵਕ ਹੱਲ ਕਰਨ ਵਿਚ ਮਦਦ ਦੇਣਾ।

**4. ਸਕੂਲ ਦੀਆਂ ਕ੍ਰਿਆਵਾਂ ਦਾ ਸੁਧਾਰ (Improving School Activities):** ਸਕੂਲ ਦੀਆਂ ਸਾਰੀਆਂ ਕ੍ਰਿਆਵਾਂ ਤੇ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਮਦਦ ਕਰਨਾਂ।

**5. ਘਰ, ਸਕੂਲ ਤੇ ਸਮਾਜ ਵਿਚਕਾਰ ਤਾਲ-ਮੇਲ (Co-ordinating Home, School and Society):** ਇਰਿਕਸਨ (Erickson) ਨੇ ਠੀਕ ਹੀ ਕਿਹਾ ਹੈ ਕਿ ਅਗਵਾਈ ਦਾ ਇਕ ਮਹਾਨ ਮਨੋਰਥ ਬੱਚੇ ਉੱਤੇ ਘਰ, ਸਕੂਲ ਤੇ ਸਮਾਜ ਦੇ ਪ੍ਰਭਾਵਾਂ ਵਿਚ ਤਾਲਮੇਲ ਪੈਦਾ ਕਰਨਾ ਹੈ।

ਭਾਰਤੀ ਸਿੱਖਿਆ ਕਮਿਸ਼ਨ (1964-66) ਨੇ ਸੈਕੰਡਰੀ ਸਿੱਖਿਆ ਵਿਚ ਮਾਰਗਦਰਸ਼ਨ ਦੇ ਹੇਠ ਉਲੀਕੇ ਟੀਚੇ ਮਿੱਥੇ ਹਨ।

(ੳ) ਕਿਸ਼ੋਰਾਂ ਦੀ ਮਦਦ ਕਰਨਾ ਤਾਂ ਕਿ ਉਹ ਆਪਣੀਆਂ ਰੁਚੀਆਂ ਅਤੇ ਕਾਬਲੀਅਤ ਨੂੰ ਜਾਣ ਸਕਣ। ਕਿਸ਼ੋਰ ਉਮਰ ਅਜਿਹੀ ਅਵਸਥਾ ਹੁੰਦੀ ਹੈ ਜਦੋਂ ਕਿ ਵਿਅਕਤੀ ਵਿਚ ਭਾਂਤ-ਭਾਂਤ ਦੀਆਂ ਤਬਦੀਲੀਆਂ ਆਉਂਦੀਆਂ ਹਨ। ਆਮ ਕਰਕੇ ਇਹ ਉਮਰ 12 ਤੋਂ 20 ਸਾਲ ਤੱਕ ਦੀ ਹੁੰਦੀ ਹੈ ਤੇ ਵਿਅਕਤੀ ਇਸ ਸਾਰੇ ਬਚਪਨ ਤੋਂ ਕਿਸ਼ੋਰ ਅਵਸਥਾ ਵਿਚ ਮਾਨਸਿਕ ਤੌਰ ਤੇ ਭਾਵਿਕਤਾ ਦੇ ਪੱਖ ਤੋਂ, ਸਮਾਜਕ ਨਜ਼ਰੀਏ ਤੋਂ ਤੇ ਸਰੀਰਕ ਪੱਖ ਤੋਂ ਪਰਪੱਕ ਹੁੰਦਾ ਹੈ। ਇਸ ਉਮਰ ਵਿਚ ਲੜਕੀਆਂ ਬੱਚੇ ਵੀ ਪੈਦਾ ਕਰ ਸਕਦੀਆਂ ਹਨ। ਉਸ ਨੂੰ ਇਸ ਉਮਰ ਵਿਚ ਮਾਰਗਦਰਸ਼ਨ ਦੀ ਬੜੀ ਲੋੜ ਹੁੰਦੀ ਹੈ।

(ਅ) ਵਿਦਿਆਰਥੀਆਂ ਦੀ ਮੱਦਦ ਕਰਨੀ ਹੁੰਦੀ ਹੈ ਕਿ ਉਹ ਆਪਣੀ ਅਸਲੀ ਕਾਬਲੀਅਤ ਨੂੰ ਸਾਹਮਣੇ ਅਤੇ ਆਪਣੀਆਂ ਸੀਮਾਵਾਂ ਤੋਂ ਵੀ ਜਾਣੂ ਹੋਣ। ਆਮ ਕਰਕੇ ਇਸ ਉਮਰ ਵਿਚ ਕਿਸ਼ੋਰ ਆਪਣੇ ਆਪ ਨੂੰ ਜਾਂ ਤਾਂ ਬਹੁਤ ਜ਼ਿਆਦਾ ਸਮਝਦੇ ਹਨ ਤੇ ਜਾਂ ਫੇਰ ਹੀਨਤਾ ਭਾਵ ਵਿਚ ਆ ਜਾਂਦੇ ਹਨ। ਲੋੜ ਇਹ ਹੁੰਦੀ ਹੈ ਕਿ ਉਨ੍ਹਾਂ ਦੇ ਸੰਕਲਪਾਂ ਨੂੰ ਸਪੱਸ਼ਟ ਕੀਤਾ ਜਾਵੇ ਤਾਂ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਵਿਅਕਤੀਤਵ ਬਾਬਤ ਜਿਸ ਤਰ੍ਹਾਂ ਕਿ ਆਪਣੀਆਂ ਰੁਚੀਆਂ, ਵਤੀਰਾ ਅਤੇ ਰੁਝਾਨ ਤੋਂ ਭਲੀਭਾਂਤ ਜਾਣੂ ਹੋ ਜਾਵੇ। ਇਹ ਸੇਵਾ ਮਾਰਗਦਰਸ਼ਨ ਕਰਦਾ ਹੈ।

(ੲ) ਵਿਦਿਆਰਥੀਆਂ ਦੀ ਸਹਾਇਤਾ ਕਰਨਾ ਕਿ ਉਹ ਆਪਣੀਆਂ ਵਿਦਿਅਕ ਤੇ ਵਿਵਸਾਇਕ ਚੋਣਾਂ ਭਲੀਭਾਂਤੀ ਬੌਧਿਕ ਪੱਧਰਾਂ ਤੇ ਕਰ ਸਕਣ। ਵਿਦਿਆਰਥੀਆਂ ਦੀ ਸਹਾਇਤਾ ਕਰਨੀ ਚਾਹੀਦੀ ਹੈ ਕਿ ਉਹ ਅਜਿਹੇ ਫੈਸਲੇ

ਕਰਨ ਲਈ ਆਪਣੀਆਂ ਯੋਗਤਾਵਾਂ, ਰੁਚੀਆਂ ਤੇ ਪ੍ਰਾਪਤੀਆਂ ਨੂੰ ਧਿਆਨ ਵਿਚ ਰੱਖਣ। ਭਾਰਤ ਵਿਚ ਇਕ ਸਮੱਸਿਆ ਇਹ ਵੀ ਹੈ ਕਿ ਇਥੇ ਵਿਦਿਆਰਥੀ ਅਜਿਹੇ ਫੈਸਲੇ ਕਰਨ ਲਗਿਆਂ ਉਪਰੋਕਤ ਗੱਲ੍ਹਾਂ ਦਾ ਧਿਆਨ ਨਹੀਂ ਰੱਖਦੇ ਅਤੇ ਆਪਣੇ ਦੋਸਤਾਂ ਜਾਂ ਫੇਰ ਮਾਪਿਆਂ ਦੇ ਕਹਿਣ ਤੇ ਵੀ ਪੜ੍ਹਨ ਵਾਲੇ ਮਜ਼ਬੂਨ ਦੀ ਚੋਣ ਕਰ ਲੈਂਦੇ ਹਨ। ਕਈ ਵਾਰ ਮਾਪੇ ਆਪਣੀਆਂ ਕਮਜ਼ੋਰੀਆਂ ਨੂੰ ਆਪਣੇ ਬੱਚਿਆਂ ਤੇ ਲੱਦ ਦੇਂਦੇ ਹਨ, ਜੋ ਉਹ ਆਪ ਨਹੀਂ ਸੀ ਬਣ ਸਕੇ ਤੇ ਬਣਨਾ ਚਾਹੁੰਦੇ ਸੀ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਉਹ ਬਣ ਜਾਣ। ਅਜਿਹੀ ਹਾਲਤ ਵਿਚ ਬਹੁਤ ਵਾਰ ਬੱਚੇ ਅਜਿਹਾ ਨਹੀਂ ਕਰ ਸਕਦੇ ਤੇ ਉਹ ਜਾਂ ਤਾ ਫੇਲ੍ਹ ਹੋ ਜਾਂਦੇ ਹਨ ਤੇ ਜਾਂ ਫੇਰ ਮਾਨਸਿਕ ਤਨਾਉ ਵਿਚ ਰਹਿੰਦੇ ਹਨ ਤੇ ਉਨ੍ਹਾਂ ਦੀਆਂ ਸ਼ਕਤੀਆਂ ਪੂਰਨ ਭਾਂਤ ਵਿਕਸਤ ਨਹੀਂ ਹੁੰਦੀਆਂ। ਮਾਰਗਦਰਸ਼ਨ ਨੇ ਅਜਿਹੀਆਂ ਪ੍ਰਸਥਿਤੀਆਂ ਨੂੰ ਰੋਕਣਾ ਹੁੰਦਾ ਹੈ।

(ਸ) ਬੱਚਿਆਂ ਨੂੰ ਯੋਗ ਭਾਂਤ ਦੀ ਵਿਦਿਅਕ ਸੂਚਨਾ ਪ੍ਰਦਾਨ ਕਰਨਾ, ਉਨ੍ਹਾਂ ਨੂੰ ਅਗਲੀ ਪੜ੍ਹਾਈ ਤੇ ਕਿੱਤਾਕਾਰੀ ਸਿਖਲਾਈ ਬਾਰੇ ਗਿਆਨ ਪ੍ਰਦਾਨ ਕਰਨਾ ਚਾਹੀਦਾ ਹੈ ਤਾਂ ਕਿ ਉਹ ਆਪਣੀ ਕਾਬਲੀਅਤ ਤੇ ਰੁਚੀਆਂ ਅਨੁਸਾਰ ਯੋਗ ਭਾਂਤ ਦੀ ਪੜ੍ਹਾਈ ਜਾਂ ਫੇਰ ਕਿੱਤਾਕਾਰੀ ਸਿਖਲਾਈ ਕਰ ਸਕਣ।

(ਹ) ਵਿਦਿਆਰਥੀਆਂ ਦੀ ਵਿਅਕਤੀਤਵ ਤੌਰ ਤੇ ਅਤੇ ਸਮਾਜਿਕ ਪੱਖ ਤੋਂ ਪ੍ਰਫੁੱਲਤ ਹੋਣ ਲਈ ਮੱਦਦ ਕਰਨਾ। ਮਾਰਗਦਰਸ਼ਨ ਦਾ ਇਹ ਮਨੋਰਥ ਕਦੀ ਵੀ ਨਹੀਂ ਹੁੰਦਾ ਕਿ ਉਹ ਕਿਸੇ ਲਈ ਕੋਈ ਫ਼ੈਸਲੇ ਕਰੇ। ਇਹ ਤਾਂ ਸਿਰਫ਼ ਸਹਾਇਤਾ ਕਰਦਾ ਹੈ ਤਾਂ ਕਿ ਵਿਅਕਤੀ ਆਪਣੇ ਸਕੂਲ, ਕਾਲਜ, ਘਰ, ਕਿੱਤੇ ਜਾਂ ਫੇਰ ਵਿਅਕਤੀਤਵ ਦੀਆਂ ਸਮੱਸਿਆਵਾਂ ਬਾਬਤ ਆਪ ਫ਼ੈਸਲੇ ਕਰ ਸਕੇ। ਮਾਰਗਦਰਸ਼ਨ ਤਾਂ ਉਸ ਦੀ ਮਦਦ ਕਰਦਾ ਹੈ ਤਾਂ ਕਿ ਉਹ ਯੋਗ ਭਾਂਤ ਸੰਪਰਕ ਬਣਾ ਕੇ ਆਪਣੇ ਫ਼ੈਸਲੇ ਆਪ ਕਰੇ।

(ਕ) ਸਕੂਲ ਦੀ ਇਮਦਾਦ ਕਰਨਾ ਕਿ ਉਹ ਆਪਣੇ ਵਿਦਿਆਰਥੀਆਂ ਨੂੰ ਭਲੀ ਭਾਂਤ ਜਾਣ ਸਕੇ। ਜੇ ਕਾਮਯਾਬ ਭਾਰਤ ਦਾ ਵਿਦਿਅਕ ਪ੍ਰੋਗਰਾਮ ਸਕੂਲ ਵਿਚ ਚਲਾਉਣਾ ਹੋਵੇ ਤਾਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਹੈਡਮਾਸਟਰ ਤੇ ਅਧਿਆਪਕ ਆਪਣੇ ਬੱਚਿਆਂ ਬਾਬਤ ਪੂਰਨ ਭਾਂਤ ਗਿਆਨ ਰੱਖਦੇ ਹੋਣ। ਜੇ ਅਧਿਆਪਕ ਮਾਰਗਦਰਸ਼ਨ ਵਿਚ ਰੁਚੀ ਰੱਖਦਾ ਹੋਵੇ ਤਾਂ ਉਹ ਬੱਚਿਆਂ ਬਾਬਤ ਹੋਰ ਵੀ ਉੱਚਾ ਗਿਆਨ ਪ੍ਰਾਪਤ ਕਰ ਸਕਦਾ ਹੈ। ਅਜਿਹਾ ਕਰਨ ਨਾਲ ਸਕੂਲ ਵਿਚ ਚੰਗਾ ਅਨੁਸ਼ਾਸਨ ਸਥਾਪਤ ਹੁੰਦਾ ਹੈ, ਜਮਾਤ ਵਿਚ ਚੰਗਾ ਪੜ੍ਹਨ ਦਾ ਮਾਹੌਲ ਬਣਦਾ ਹੈ। ਸਕੂਲ ਦਾ ਵਾਤਾਵਰਨ ਸੁਹਾਵਨਾ ਬਣਦਾ ਹੈ ਤੇ ਸਕੂਲ ਦੇ ਹਾਲਾਤ ਵੀ ਵਧੀਆ ਬਣਦੇ ਹਨ।

ਜੋਨਜ਼ ਉਪਰਲੇ ਸਾਰੇ ਉਦੇਸ਼ਾਂ ਨਾਲ ਸਹਿਮਤ ਹੈ ਤੇ ਉਹ ਵੀ ਇਨ੍ਹਾਂ ਤੇ ਹੀ ਜ਼ੋਰ ਦਿੰਦਾ ਹੋਇਆ ਕਹਿੰਦਾ ਹੈ ਕਿ ਮਾਰਗਦਰਸ਼ਨ ਦਾ ਮੂਲ ਉਦੇਸ਼ ਹੁੰਦਾ ਹੈ ਕਿ ਵਿਅਕਤੀ ਦਾ ਆਪਣੀ ਦਿਸ਼ਾ ਵਿਚ ਯੋਗ ਭਾਂਤ ਦਾ ਵਿਕਾਸ ਹੋਵੇ ਤਾਂ ਕਿ ਉਹ ਜੀਵਨ ਵਿਚ ਲੋੜੀਂਦੀਆਂ ਤਬਦੀਲੀਆਂ ਲਿਆ ਸਕੇ ਤੇ ਯੋਗ ਤਾਲਮੇਲ ਬਣਾ ਸਕੇ।

ਇਹ ਉਦੇਸ਼ ਸਿਰਫ਼ ਉਨ੍ਹਾਂ ਸਕੂਲਾਂ ਵਿਚ ਹੀ ਅਪਣਾਏ ਜਾ ਸਕਦੇ ਹਨ, ਜਿਨ੍ਹਾਂ ਵਿਚ ਇਨ੍ਹਾਂ ਲਈ ਪੂਰੀਆਂ ਸਹੂਲਤਾਂ ਉਪਲਬਧ ਹੋਣ। ਇਨ੍ਹਾਂ ਨੂੰ ਪ੍ਰਾਪਤ ਕਰਨ ਲਈ ਸਕੂਲ ਦਾ ਆਕਾਰ, ਪੱਧਰ, ਭੌਤਿਕ, ਮਾਨਤਾ ਅਤੇ ਮਾਇਕ ਸਹੂਲਤਾਂ ਨੂੰ ਮੁੱਖ ਰੱਖਣਾ ਪੈਂਦਾ ਹੈ।

**1.5 ਮਾਰਗ ਦਰਸ਼ਨ ਦੀ ਲੋੜ (Need of Guidance) :** ਵੱਖ-ਵੱਖ ਕਿੱਤਿਆਂ ਦੇ ਵਾਧੇ ਦੇ ਕਾਰਨ ਮਾਰਗਦਰਸ਼ਨ ਦੀ ਲੋੜ ਦਿਨ ਬਦਿਨ ਵੱਧਦੀ ਹੀ ਜਾ ਰਹੀ ਹੈ। ਤਕਨੀਕੀ ਬਦਲਾਅ ਦੇ ਕਾਰਨ ਕਿੱਤਿਆਂ ਵਿਚ ਵੀ ਤਕਨੀਕੀਪਨ ਆ ਰਿਹਾ ਹੈ ਅਤੇ ਇਨ੍ਹਾਂ ਦੀਆਂ ਜੜ੍ਹਾਂ ਮਜ਼ਬੂਤ ਹੋ ਰਹੀਆਂ ਹਨ। ਸਕੂਲ ਪੱਧਰ ਤੋਂ ਹੀ ਕਿਸੇ ਨੂੰ ਸਹੀ ਦਿਸ਼ਾ ਵੱਲ ਕਦਮ ਵਧਾਉਣਾ ਚਾਹੀਦਾ ਹੈ ਤਾਂ ਕਿ ਉਹ ਸਹੀ ਕੰਮ ਦੀ ਚੋਣ ਕਰ ਸਕੇ ਆਪਣੀਆਂ ਲੋੜਾਂ, ਵਿਅਕਤੀਤਵ ਦੀਆ ਵਿਸ਼ੇਸ਼ਤਾਵਾਂ, ਰੁਚੀਆਂ ਅਤੇ ਰੁਝਾਨਾਂ ਦੇ ਅਨੁਸਾਰ। ਕਿੱਤਿਆਂ ਦੀ ਗਲਤ ਵਿਉਂਤ ਦੇ ਕਾਰਨ ਤੇ ਮਾਰਗਦਰਸ਼ਨ ਸੇਵਾਵਾਂ ਦੀ ਅਣਹੋਂਦ ਦੇ ਕਾਰਨ, ਮਨੁੱਖੀ ਕਠਿਨਾਈਆਂ ਤੇ ਔਕੜਾਂ ਬਹੁਤ ਵੱਧ ਰਹੀਆਂ ਹਨ। ਅਜਿਹੇ ਦੁੱਖ, ਜੀਵਨ ਸਾਥੀ ਦੀ ਗਲਤ ਚੋਣ, ਵਿਹਲੇ ਸਮੇਂ ਦੀ ਗਲਤ ਵਰਤੋਂ ਤੇ ਲਿੰਗ ਬਾਰੇ ਅਪੂਰਨ ਗਿਆਨ ਨਾਲ ਹੋਰ ਵੀ ਵਧਦੇ ਜਾ ਰਹੇ ਹਨ। ਇਹ ਹੀ ਹਾਲ ਉੱਚੇਰੀ ਸਿੱਖਿਆ ਤੇ ਤਕਨੀਕੀ ਟਰੇਨਿੰਗ ਦੀ ਠੀਕ ਵਿਉਂਤ ਦੀ ਅਣਹੋਂਦ ਦੇ ਕਾਰਨ ਵੀ ਹੋ ਰਿਹਾ ਹੈ।

ਭਾਰਤ ਵਿਚ 1956 ਈ: ਵਿਚ ਡਾਇਰੈਕਟਰ ਜਨਰਲ ਐਮਪਲਾਇਮੈਂਟ ਤੇ ਟਰੇਨਿੰਗ ਮਨਿਸਟਰੀ ਆਫ ਲੇਬਰ ਤੇ ਐਮਪਲਾਇਮੈਂਟ, ਗੌਰਮਿੰਟ ਆਫ ਇੰਡੀਆ ਨੇ ਇਕ ਵਿਗਿਆਨਕ ਖੋਜ ਰਾਹੀਂ ਇਹ ਪਤਾ ਕਰਨ ਦਾ ਯਤਨ ਕੀਤਾ ਸੀ ਕਿ ਦਿੱਲੀ

ਯੂਨੀਵਰਸਿਟੀ ਦੇ ਵਿਦਿਆਰਥੀ ਕਿਸ ਤਰ੍ਹਾਂ ਨਾਲ ਆਪਣੀ ਕੀਤੀ ਹੋਈ ਪੜ੍ਹਾਈ ਦਾ ਯੋਗ ਢੰਗ ਨਾਲ ਪ੍ਰਯੋਗ ਕਰ ਰਹੇ ਸਨ। ਇਸ ਖੋਜ ਨਾਲ ਇਹ ਪਤਾ ਲਗਿਆ ਸੀ ਕਿ ਕਾਫੀ ਲੋਕ ਭਿੰਨ-ਭਿੰਨ ਪ੍ਰਕਾਰ ਦੀਆਂ ਟਰੇਨਿੰਗਾਂ ਲੈਣ ਤੋਂ ਬਾਅਦ ਵੀ ਉਨਾਂ ਦਾ ਪ੍ਰਯੋਗ ਨਹੀਂ ਕਰ ਰਹੇ ਸਨ। ਕਈਆਂ ਹਾਲਤਾਂ ਵਿਚ ਲੋਕ ਲਾਇਬਰੇਰੀ ਦੀ ਟਰੇਨਿੰਗ ਨੈ ਕੇ ਦਫਤਰ ਵਿਚ ਕਲਰਕ ਲੱਗੇ ਹੋਏ ਸਨ। ਵਿੱਦਿਆ ਦੇ ਖੇਤਰ ਵਿਚ ਉੱਚੇਰੀ ਟਰੇਨਿੰਗ ਲੈ ਕੇ ਦਫਤਰ ਵਿਚ ਅਸਿਸਟੈਂਟ ਦਾ ਕੰਮ ਕਰ ਰਹੇ ਸਨ। ਇਸੇ ਪ੍ਰਕਾਰ ਹੀ ਹੋਰ ਵੀ ਕਈ ਅਜਿਹੇ ਕਿੱਤੇ ਸਨ ਜਿਨ੍ਹਾਂ ਵਿਚ ਟਰੇਨਿੰਗ ਲੈਣ ਤੋਂ ਬਾਅਦ ਲੋਕ ਉਸ ਟਰੇਨਿੰਗ ਦਾ ਪ੍ਰਯੋਗ ਨਹੀਂ ਕਰ ਰਹੇ ਸਨ। ਇਨ੍ਹਾਂ ਸਾਰੀਆਂ ਹਾਲਤਾਂ ਵਿਚ ਵਿਅਕਤੀਆਂ ਉਪਰ ਲਾਇਆ ਹੋਇਆ ਦੇਸ਼ ਦਾ ਧਨ ਤੇ ਸਮਾਂ ਮਾਰਗਦਰਸ਼ਨ ਦੀ ਅਣਹੋਂਦ ਦੇ ਕਾਰਨ, ਯੋਜਨਾਬੰਦ ਨਾ ਹੁੰਦਾ ਹੋਇਆ, ਵਿਅਰਥ ਗਿਆ ਜਾਪਦਾ ਸੀ।

ਇਸੇ ਪ੍ਰਕਾਰ ਹੀ ਸਾਨੂੰ ਸਾਡੇ ਰੋਜ਼ਗਾਰ ਦਫਤਰਾਂ ਦੇ ਅੰਕੜੇ, ਜਿਥੇ ਕਿ ਲੱਖਾਂ ਦੀ ਗਿਣਤੀ ਵਿਚ ਬੇਰੋਜ਼ਗਾਰਾਂ ਦੇ ਨਾਂ ਨੌਕਰੀਆਂ ਲੈਣ ਲਈ ਦਰਜ ਹਨ ਸੈਂਕੜਿਆਂ ਦੀ ਗਿਣਤੀ ਵਿਚ ਰੋਜਗਾਰ ਦਾਤਾਵਾਂ ਨੂੰ ਇਹ ਲਿਖਤਾਂ ਦੇ ਰਹੇ ਹਨ ਕਿ ਉਨਾਂ ਪਾਸ ਉਸ ਪ੍ਰਕਾਰ ਦੀ ਮਾਨਵ ਸ਼ਕਤੀ ਦੇ ਨਾਮ ਦਰਜ ਨਹੀਂ ਹਨ। ਇਹ ਸਿੱਧ ਕਰਦੇ ਹਨ ਕਿ ਕਿਤੇ ਨਾ ਕਿਤੇ, ਕੋਈ ਨਾ ਕੋਈ ਊਣਤਾਈ ਜ਼ਰੂਰ ਹੈ ਜਿਸ ਦੇ ਕਾਰਨ ਕਿ ਅਜਿਹੀ ਸਥਿਤੀ ਉਤਪੰਨ ਹੁੰਦੀ ਹੈ।

ਆਮ ਮਾਰਗਦਰਸ਼ਨ ਦਾ ਕੰਮ ਲੋੜਵੰਦਾਂ ਦੀ ਸਹਾਇਤਾ ਕਰਨਾ ਹੁੰਦਾ ਹੈ। ਹਰ ਮਨੁੱਖ ਨੂੰ ਕਿਸੇ ਨਾ ਕਿਸੇ ਸਮੇਂ ਮਾਰਗਦਰਸ਼ਨ ਸੇਵਾ ਦੀ ਲੋੜ ਪੈਂਦੀ ਹੈ। ਹਾਂ, ਇਹ ਜ਼ਰੂਰ ਹੋ ਸਕਦਾ ਹੈ ਕਿ ਕੁਝ ਇਕ ਵਿਅਕਤੀਆਂ ਨੂੰ ਇਹ ਮਦਦ ਥੋੜੇ ਸਮੇਂ ਲਈ ਹੀ ਚਾਹੀਦੀ ਹੋਵੇ ਜਦੋਂ ਕਿ ਕਈਆਂ ਨੂੰ ਇਸ ਦੀ ਲੋੜ ਲੰਬੇ ਸਮੇਂ ਲਈ ਵੀ ਹੋ ਸਕਦੀ ਹੈ। ਸਮੁੱਚੇ ਤੌਰ ਤੇ ਛੋਟੀ ਪਨੀਰੀ ਨੂੰ ਇਸ ਦੀ ਜ਼ਰੂਰਤ ਵਧੇਰੇ ਹੁੰਦੀ ਹੈ। ਸਾਡੇ ਸਮੁੱਚੇ ਜੀਵਨ ਵਿਚ ਕਈ ਇਕ ਇਸ ਪ੍ਰਕਾਰ ਦੇ ਸਮੇਂ ਵੀ ਆਉਂਦੇ ਹਨ ਜਦੋਂ ਕਿ ਜ਼ਰੂਰੀ ਤੇ ਦੂਰ-ਦਰਿਸ਼ਟੀ ਵਾਲੇ ਫੈਸਲੇ ਸਿਆਣਪ ਨਾਲ ਕਰਨ ਲਈ ਵੀ ਲੋੜ ਹੁੰਦੀ ਹੈ।

ਮੋਟੇ ਤੌਰ ਤੇ ਮਾਰਗਦਰਸ਼ਨ ਦੀ ਜ਼ਰੂਰਤ ਨੂੰ ਦੋ ਤਰ੍ਹਾਂ ਦੀਆਂ ਲੋੜਾਂ ਵਿੱਚ ਵੰਡਿਆ ਜਾ ਸਕਦਾ ਹੈ :

I. ਮਨੋਵਿਗਿਆਨਕ ਲੋੜਾਂ

II. ਸਮਾਜ ਵਿਗਿਆਨਕ ਲੋੜਾਂ

**I. ਮਨੋਵਿਗਿਆਨਕ ਲੋੜਾਂ (Psychological Need) :** ਦੁਨੀਆਂ ਵਿਚ ਭਿੰਨ-ਭਿੰਨ ਪ੍ਰਕਾਰ ਦੇ ਵਿਅਕਤੀਆਂ ਦੀਆਂ ਸਮੱਸਿਆਵਾਂ ਹਨ ਤੇ ਉਨਾਂ ਦੀਆਂ ਗੁੰਝਲਾਂ ਨੂੰ ਹੱਲ ਕਰਨ ਲਈ ਭਿੰਨ-ਭਿੰਨ ਪ੍ਰਕਾਰ ਦੇ ਸਾਧਨ ਉਪਲਬਧ ਹੁੰਦੇ ਹਨ। ਜੇਕਰ ਇਹ ਦੋ ਪ੍ਰਕਾਰ ਦੇ ਅੰਤਰ ਨਾ ਹੋਣ ਤਾਂ ਸ਼ਾਇਦ ਮਾਰਗਦਰਸ਼ਨ ਦੀ ਲੋੜ ਹੀ ਨਾ ਹੋਵੇ। ਉਦਾਹਰਣ ਵੱਜੋਂ ਜੇ ਆਦਮੀ ਦੀਆਂ ਵੱਖ-ਵੱਖ ਪ੍ਰਕਾਰ ਦੀਆਂ ਬਿਰਤੀਆਂ, ਰੁਚੀਆਂ ਤੇ ਵਿਅਕਤੀਤਵ ਨਾ ਹੋਣ ਤੇ ਨਾਲ ਹੀ ਜਾਂ ਉਸਦੇ ਸਾਹਮਣੇ ਵੱਖ ਵੱਖ ਪ੍ਰਕਾਰ ਦੇ ਕਿੱਤੇ ਨਾ ਹੋਣ ਤਾਂ ਇਨਾਂ ਦਾ ਆਪਸ ਵਿਚ ਮੇਲ ਕਰਾਉਣ ਲਈ ਕਿਸੇ ਕਿਸਮ ਦੀ ਸਹਾਇਤਾ ਦੀ ਸ਼ਾਇਦ ਲੋੜ ਵੀ ਨਾ ਪਵੇ। ਵਿਅਕਤੀਆਂ ਨੂੰ ਅਸੀਂ ਤਿੰਨ ਤਰ੍ਹਾਂ ਦੇ ਅੰਤਰਾਂ ਕਰਕੇ ਵਿਭਿੰਨ ਕਰ ਸਕਦੇ ਹਾਂ।

(ੳ) ਵਿਕਾਸ ਦੀਆਂ ਵੱਖ-ਵੱਖ ਅਵਸਥਾਵਾਂ

(ਅ) ਵਿਅਕਤੀਆਂ ਵਿਚਕਾਰ ਅੰਤਰ

(ੲ) ਵੱਖ-ਵੱਖ ਲੋਕਾਂ ਲਈ ਭਿੰਨ-ਭਿੰਨ ਮੌਕਿਆਂ ਨੂੰ ਦਰਸਾਉਣਾ।

**(ੳ) ਵਿਕਾਸ ਦੀਆਂ ਵੱਖ-ਵੱਖ ਅਵਸਥਾਵਾਂ (Different Stages of Development) :** ਮਨੁੱਖ ਦੇ ਜੀਵਨ ਵਿਚ ਹੇਠ ਲਿਖੇ ਪੜਾਅ ਆਉਂਦੇ ਹਨ ਬਾਲ ਅਵਸਥਾ, ਬਚਪਨ, ਕਿਸ਼ੋਰ ਅਵਸਥਾ ਤੋਂ ਪਹਿਲਾਂ ਅਤੇ ਕਿਸ਼ੋਰ ਅਵਸਥਾ। ਹਰੇਕ ਮਨੁੱਖ ਨੂੰ ਹਰੇਕ ਅਵਸਥਾ ਵਿਚ ਕਈ ਤਰ੍ਹਾਂ ਦੀ ਮਦਦ ਦੀ ਲੋੜ ਪੈਂਦੀ ਹੈ ਤਾਂ ਕਿ ਉਸ ਦਾ ਸਮਾਯੋਜਨ ਸਹੀ ਢੰਗ ਨਾਲ ਹੋ ਸਕੇ। ਜ਼ਿਆਦਾਤਰ ਮੁਸ਼ਕਲਾਂ ਤਾਂ ਕਿਸ਼ੋਰ ਅਵਸਥਾ ਵਿਚ ਹੀ ਆਉਂਦੀਆਂ ਹਨ। ਇਸੇ ਪ੍ਰਕਾਰ ਹੀ ਵਿਅਕਤੀਆਂ ਦੀਆਂ ਕਿਸ਼ੋਰ ਅਵਸਥਾਵਾ ਦੀਆਂ, ਵਿਅਕਤੀਗਤ ਜੀਵਨ ਦੀਆਂ, ਲਿੰਗ ਨਾਲ ਸਬੰਧਿਤ, ਮਨੋਰੋਗਾਂ ਦੀ ਸਿਹਤ ਦੀਆਂ, ਦੂਸਰਿਆਂ ਨਾਲ ਯੋਗ ਭਾਂਤ ਦੇ ਸੰਬੰਧਾਂ ਦੀਆਂ, ਵਿਅਕਤੀਗਤ ਵਿਕਾਸ ਦੀਆਂ, ਦੋਸਤਾਂ ਨਾਲ ਸੰਬੰਧਾਂ ਦੀਆਂ, ਪੜ੍ਹਾਈ ਵਿਚ ਯੋਗ ਭਾਂਤ ਸਥਾਪਤ ਨਾ ਹੋਣ ਦੀਆਂ, ਇਮਤਿਹਾਨਾਂ ਵਿਚ ਯੋਗ ਭਾਂਤ ਸੋਚ ਨਾ ਸਕਣ ਦੀਆਂ, ਯੋਗ ਧਿਆਨ ਇਕਾਗਰ ਨਾ ਕਰ ਸਕਣ ਦੀਆਂ ਵਿਅਕਤੀਗਤ ਭਾਂਤ ਦੀਆਂ ਅਜਿਹੀਆਂ ਸਮੱਸਿਆਵਾਂ ਵੀ ਹੁੰਦੀਆਂ ਹਨ ਜਿਨਾਂ ਦੇ ਮਨੋਵਿਗਿਆਨਕ ਕਾਰਨ ਵੀ ਹੁੰਦੇ ਹਨ ਤੇ ਜਿਨਾਂ ਨੂੰ ਦੂਰ ਕਰਨ ਲਈ ਮਾਰਗ ਦਰਸ਼ਨ, ਮਨੋਵਿਗਿਆਨ ਦੀ ਸਹਾਇਤਾ ਲੈਂਦਾ ਹੈ ਅਤੇ ਦੋਨਾਂ ਤਰ੍ਹਾਂ ਦੀਆਂ ਟੈਸਟਿੰਗ ਅਤੇ ਨਾਨ ਟੈਸਟਿੰਗ ਤਕਨੀਕਾਂ ਦਾ ਪ੍ਰਯੋਗ ਵੀ ਕਰਦਾ ਹੈ।

(ਅ) **ਵਿਅਕਤੀਆਂ ਵਿਚ ਅੰਤਰ (Differences Amongst Persons) :** ਇਹ ਇਕ ਮਨੋਵਿਗਿਆਨਕ ਸੱਚਾਈ ਹੈ ਕਿ ਕੋਈ ਵੀ ਦੋ ਵਿਅਕਤੀ ਬਿਲਕੁਲ ਇਕੋ ਜਿਹੀ ਸਖਸੀਅਤ ਦੇ ਮਾਲਕ ਨਹੀਂ ਹੁੰਦੇ ਤੇ ਇਹ ਵੀ ਇਕ ਅਟੁੱਟ ਸੱਚ ਹੈ ਕਿ ਹਰ ਮਨੁੱਖ ਹਰ ਕੰਮ ਨੂੰ ਇਕੋ ਜਿਹੀ ਸਫਲਤਾ ਨਾਲ ਨਹੀਂ ਕਰ ਸਕਦਾ। ਇਸ ਲਈ ਭਿੰਨ ਭਿੰਨ ਵਿਅਕਤੀਆਂ ਨੂੰ ਵੱਖ ਵੱਖ ਕਿੱਤਿਆਂ ਵਿਚੋਂ ਆਪਣੇ ਯੋਗ ਕੰਮ ਲੱਭਣ ਦੀ ਲੋੜ ਹੁੰਦੀ ਹੈ ਅਤੇ ਇਹ ਕੰਮ ਵਿਵਸਾਇਕ ਮਾਰਗਦਰਸ਼ਨ ਦਾ ਹੁੰਦਾ ਹੈ। ਇੰਨ ਬਿੰਨ ਇਸੇ ਪਰਕਾਰ ਹੀ ਵਿੱਦਿਆ ਦੇ ਖੇਤਰ ਵਿੱਚ ਯੋਗ ਵਿਦਿਆਰਥੀ ਲਈ ਉਸ ਦੇ ਅਨੁਕੂਲ ਪੜ੍ਹਾਈ ਕਰਨ ਵਾਲੇ ਮਜਮੂਨਾਂ ਨਾਲ ਉਸ ਦਾ ਮੇਲ ਕਰਵਾਉਣ ਵਿੱਚ ਸਹਾਇਤਾ ਕਰਨਾ ਵਿਦਿਅਕ ਮਾਰਗਦਰਸ਼ਨ ਦਾ ਕੰਮ ਹੈ।

(ੲ) **ਵੱਖ-ਵੱਖ ਲੋਕਾਂ ਲਈ ਭਿੰਨ-ਭਿੰਨ ਮੌਕਿਆਂ ਨੂੰ ਦਰਸਾਉਣਾ (Differences in Opportunities made available to Various Persons) :** ਸੰਸਾਰ ਵਿੱਚ ਲਗਭਗ 40000 ਤੋਂ ਵੀ ਵੱਧ ਕਿੱਤੇ ਹਨ। ਵਿਅਕਤੀ ਨੂੰ ਉਨਾਂ ਵਿਚੋਂ ਆਪਣੇ ਲਈ ਕੋਈ ਯੋਗ ਕਿੱਤਾ ਚੁਣਨਾ ਹੁੰਦਾ ਹੈ। ਜੇਕਰ ਉਹ ਕੰਮ ਦੇ ਸੰਸਾਰ ਬਾਰੇ ਸਹੀ ਗਿਆਨ ਹਾਸਿਲ ਕਰ ਲੈਂਦਾ ਹੈ ਤਾਂ ਉਸ ਦੀ ਨੌਕਰੀ ਵਿਚ ਦਾਖਲ ਹੋਣ ਦੀ ਜਾਂ ਨੌਕਰੀ ਮਿਲਣ ਲਈ ਪ੍ਰਸ਼ਿਕਸ਼ਨ ਸੰਬੰਧੀ ਜਾਣਕਾਰੀ, ਪ੍ਰਸ਼ਿਕਸ਼ਨ ਸੁਵਿਧਾਵਾਂ ਉਨਾਂ ਦੀ ਕੀਮਤ, ਕਰਜੇ ਲਈ ਸਾਧਨ ਤਾਂ ਜੋ ਉਹ ਟਰੇਨਿੰਗ ਲੈ ਸਕੇ, ਟਰੇਨਿੰਗ ਦਾ ਸਮਾਂ ਆਦਿ। ਇਸ ਤਰ੍ਹਾਂ ਉਸ ਦੀ ਚੋਣ ਕਰਨ ਵਿੱਚ ਆਸਾਨੀ ਹੁੰਦੀ ਹੈ।

**II. ਸਮਾਜਿਕ ਕਾਰਨ ਜਾਂ ਸਮਾਜ-ਵਿਗਿਆਨ ਲੋੜਾਂ (Social Need) :** ਸਮਾਜਿਕ ਦ੍ਰਿਸ਼ਟੀਕੋਣ ਤੋਂ ਅਗਵਾਈ ਦੇ ਕੁਝ ਕੁ ਕਾਰਨ ਹੇਠ ਲਿਖੇ ਹਨ :

(ੳ) ਘਰਾਂ ਦੀਆਂ ਬਦਲਦੀਆਂ ਹਾਲਤਾਂ
(ਅ) ਊਰਜਾ ਦੀ ਸੰਭਾਲ
(ੲ) ਸਿੱਖਿਆ ਦਰਸ਼ਨ ਦਾ ਬਦਲਣਾ
(ਸ) ਵਿਹਲੇ ਸਮੇਂ ਦਾ ਹੋਣਾ
(ਹ) ਲੋਕਤੰਤਰ ਦਾ ਵਿਸਤਾਰ
(ਕ) ਨੈਤਿਕ ਅਤੇ ਧਾਰਮਿਕ ਹਾਲਤਾਂ ਦਾ ਬਦਲਣਾ
(ਖ) ਵਿਦਿਅਕ ਪ੍ਰੋਗਰਾਮ ਦਾ ਪਸਾਰ
(ਗ) ਬਣਾਵਟੀ ਵਿਗਿਆਨ ਦੀ ਖਿੱਚ
(ਘ) ਉਦਯੋਗਿਕ ਹਾਲਾਤ ਵਿਚ ਪਰਿਵਰਤਨ
(ਙ) ਸਕੂਲ ਵਿਚ ਬੱਚਿਆਂ ਦੀ ਭੀੜ

(ੳ) **ਘਰਾਂ ਦੀਆਂ ਬਦਲਦੀਆਂ ਹਾਲਤਾਂ (Changing Conditions of Home) :** ਹੁਣ ਉਹ ਸਮਾਂ ਬੀਤ ਚੁੱਕਾ ਹੈ ਜਦ ਇਕ ਤਰਖਾਣ ਦਾ ਬੇਟਾ ਤਰਖਾਣ ਹੀ ਬਣਦਾ ਸੀ ਜਾਂ ਘਰ ਵਿਚ ਪ੍ਰਦਾਨ ਕੀਤਾ ਗਿਆ ਤਜ਼ਰਬਾ ਕਾਫੀ ਮਹੱਤਵਪੂਰਨ ਹੁੰਦਾ ਸੀ। ਪਰ ਹੁਣ ਘਰਾਂ ਦੀਆ ਹਾਲਤਾਂ ਬਦਲ ਗਈਆਂ ਹਨ। ਇਕੱਠੇ ਟੱਬਰ (Joint Family) ਦੀ ਹੋਂਦ ਹੁਣ ਨਹੀਂ ਰਹੀ ਅਤੇ ਮਾਪਿਆਂ ਦਾ ਪ੍ਰਭਾਵ ਵੀ ਕਾਫੀ ਘੱਟ ਗਿਆ ਹੈ। ਹੁਣ ਅਸੀਂ ਵਿਸ਼ੇਸ਼ਤਾ (Specialisation) ਵਾਲੇ ਸਮੇਂ ਵਿਚ ਰਹਿ ਰਹੇ ਹਾਂ। ਜ਼ਿੰਦਗੀ ਗੁੰਝਲਦਾਰ ਬਣ ਗਈ ਹੈ। ਇਹ ਤਕਨੀਕੀ ਅਤੇ ਤੇਜ਼ ਹੋ ਗਈ ਹੈ। ਹੁਣ ਦੋਵੇਂ ਮਾਪੇ ਹੀ ਕੰਮ ਕਰਦੇ ਹਨ। ਇਸ ਲਈ ਸਕੂਲ ਆਪਣੇ ਬੱਚਿਆਂ ਨੂੰ ਅਗਵਾਈ ਲਈ ਸਮਾਂ ਨਹੀਂ ਦੇ ਸਕਦੇ। ਇਸ ਕਰਕੇ ਅਗਵਾਈ ਦੀ ਲੋੜ ਮਹਿਸੂਸ ਕੀਤੀ ਜਾਂਦੀ ਹੈ ਤਾਂ ਹੀ ਸਕੂਲ ਵਧੀਆ ਤਰੀਕੇ ਨਾਲ ਚਲ ਸਕਦੇ ਹਨ।

(ਅ) **ਊਰਜਾ ਦੀ ਸੰਭਾਲ (Conservation of Energy) :** ਬਹੁਤੇ ਲੋਕਾਂ ਨੂੰ ਜੇਕਰ ਅਗਵਾਈ ਨਾ ਮਿਲੇ ਤਾਂ ਉਨ੍ਹਾਂ ਦੀ ਜਿੰਦਗੀ ਖ਼ਰਾਬ ਹੋ ਜਾਂਦੀ ਹੈ, ਇਸ ਤਰ੍ਹਾਂ ਨਾਲ ਸਮਾਜ ਨੂੰ ਵੀ ਬਹੁਤ ਵੱਡਾ ਘਾਟਾ ਪੈਂਦਾ ਹੈ ਜੇ ਲੋਕ ਸ਼ਕਤੀ ਨੂੰ ਊਰਜਾ ਵਾਂਗ ਸੰਭਾਲ ਕੇ ਵਰਤਿਆ ਜਾਵੇ ਤਾਂ ਹੀ ਸਮਾਜ ਦਾ ਭਲਾ ਹੋ ਸਕਦਾ ਹੈ। ਇਸ ਲਈ ਅਗਵਾਈ ਦੀ ਸਹਾਇਤਾ ਮਨੁੱਖ ਨੂੰ ਮਹੱਤਵਪੂਰਨ ਬਣਾ ਦਿੰਦੀ ਹੈ।

(ੲ) **ਸਿੱਖਿਆ ਦਰਸ਼ਨ ਦਾ ਬਦਲਣਾ (Changing Philosophy of Education) :** ਬੀਤੇ ਸਮੇਂ ਵਿਚ ਬੱਚਿਆਂ ਨੂੰ ਵੱਡਿਆਂ ਵਾਂਗ ਹੀ ਪੜ੍ਹਾਇਆ ਜਾਂਦਾ ਸੀ ਪਰ ਹੁਣ ਬਹੁਤ ਫਰਕ ਪੈ ਗਿਆ ਹੈ। ਬੱਚੇ ਨੂੰ ਪੂਰੀ ਇੱਜ਼ਤ ਨਾਲ ਵੇਖਿਆ ਜਾਂਦਾ ਹੈ ਅਤੇ ਉਸ ਦੇ ਕਹਿਣੇ ਦੇ ਆਧਾਰ ਤੇ ਹੀ ਪ੍ਰੋਗਰਾਮ ਉਲੀਕਿਆ ਜਾਂਦਾ ਹੈ, ਇਸ ਤਰ੍ਹਾਂ ਨਾਲ ਸਾਰੀ ਸਿੱਖਿਆ ਦਰਸ਼ਨ ਸ਼ਾਸਤਰ ਵਿਚ ਤਬਦੀਲ ਹੋ ਗਈ ਹੈ ਜੋ ਕਿ ਅਗਵਾਈ ਦੀ ਮੰਗ ਕਰਦੀ ਹੈ। ਬਾਲ ਮਨੋਵਿਗਿਆਨ ਦਾ ਧਿਆਨ ਰੱਖਿਆ ਜਾਂਦਾ ਹੈ।

(ਸ) **ਵਿਹਲੇ ਸਮੇਂ ਦਾ ਜ਼ਿਆਦਾ ਹੋਣਾ (Lot of Leisure Time) :** ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਇੰਸ ਦੀਆਂ ਕਾਂਢਾਂ ਕਾਰਨ ਸਾਡੇ ਵਿਹਲੇ ਸਮੇਂ ਵਿਚ ਵਾਧਾ ਹੋਇਆ ਹੈ। ਜਿਵੇਂ ਪ੍ਰੈਸ਼ਰ ਕੁੱਕਰ (Pressure Cooker) ਜਾਂ ਫਰਿਜ਼ ਆਦਿ ਨੇ ਘਰੇਲੂ ਕੰਮ ਨੂੰ ਘਟਾ ਕੇ ਸਾਨੂੰ ਵਿਹਲਾ ਸਮਾਂ ਦਿੱਤਾ ਹੈ। ਇਸ ਨੂੰ ਵਧੀਆ ਢੰਗ ਨਾਲ ਬਿਤਾਉਣ ਲਈ ਵੀ ਅਗਵਾਈ ਦੀ ਲੋੜ ਹੈ।

(ਹ) **ਲੋਕਤੰਤਰ ਦਾ ਵਿਸਤਾਰ (The Extension of Democracy) :** ਸਰਕਾਰ ਦਾ ਮੁੱਖ ਉਦੇਸ਼ ਸਾਰੇ ਲੋਕਾਂ ਨੂੰ ਅੱਗੇ ਵਧਣ ਦੇ ਮੌਕੇ ਪ੍ਰਦਾਨ ਕਰਨਾ ਹੈ। ਲੋਕਤੰਤਰ ਸਰਕਾਰਾਂ ਇਸ ਬਾਰੇ ਨਾਗਰਿਕਾਂ ਨੂੰ ਇਹੋ ਜਿਹੇ ਮੌਕੇ ਦਿੰਦੀਆਂ ਹਨ। ਇਸ ਤਰ੍ਹਾਂ ਨਾਲ ਉਹ ਇਹ ਵੀ ਚਾਹੁੰਦੀਆਂ ਹਨ ਕਿ ਵਿਅਕਤੀਆਂ ਦੀਆਂ ਸਮਰਥਾਵਾਂ ਦਾ ਪਤਾ ਲਾਇਆ ਜਾ ਸਕੇ ਤਾਂ ਜੋ ਬਹੁਤ ਕੁਝ ਕੀਤਾ ਜਾ ਸਕੇ ਅਗਵਾਈ ਇਹਨਾਂ ਸਮਰਥਾਵਾਂ ਜਾਂ ਸੰਭਾਵਨਾਵਾਂ ਵਿਚ ਮਦਦ ਦਿੰਦੀ ਹੈ। ਅਧਿਕਾਰ ਅਤੇ ਕਰਤੱਵਾਂ ਲਈ ਅਗਵਾਈ ਦੀ ਲੋੜ ਹੈ।

(ਕ) **ਨੈਤਿਕ ਅਤੇ ਧਾਰਮਿਕ ਹਾਲਤਾਂ ਦਾ ਬਦਲਣਾ (Changing of Moral and Religious Conditions) :** ਨੈਤਿਕ ਅਤੇ ਧਾਰਮਿਕ ਹਾਲਤਾਂ ਬਦਲ ਗਈਆਂ ਹਨ। ਸਾਡੇ ਵਿਚੋਂ ਬਹੁਤੇ ਮੰਦਰ ਦੇ ਪੁਜਾਰੀ ਆਦਿ ਪਾਸੋਂ ਹੁਣ ਅਗਵਾਈ ਆਦਿ ਲੈਣ ਨਹੀਂ ਜਾਂਦੇ ਕਿਉਂਕਿ ਉਸਦਾ ਸਥਾਨ ਪਹਿਲਾਂ ਵਾਲਾ ਨਹੀਂ ਰਿਹਾ। ਸਾਇੰਸ ਨੇ ਲੋਕਾਂ ਦਾ ਧਰਮ ਵਿਚ ਵਿਸ਼ਵਾਸ ਘਟਾਇਆ ਹੈ ਪਰ ਦੂਜੇ ਪਾਸੇ ਤੇਜ ਜਿੰਦਗੀ ਨੇ ਤਣਾਉ ਭਰ ਦਿੱਤਾ ਹੈ ਕਿਉਂਕਿ ਹੁਣ ਬਹੁਤੇ ਲੋਕ ਰੱਬ ਨੂੰ ਨਹੀਂ ਮੰਨਦੇ। ਇਸ ਲਈ ਸਮੱਸਿਆ ਹੋਰ ਗੰਭੀਰ ਹੋ ਗਈ ਹੈ। ਅਜੋਕੇ ਸਮੇਂ ਵਿਚ ਧਾਰਮਿਕ ਜਨੂੰਨ ਵਧਦਾ ਜਾਂਦਾ ਹੈ। ਇਸ ਲਈ ਅਗਵਾਈ ਦੀ ਲੋੜ ਮਹਿਸੂਸ ਕੀਤੀ ਜਾਂਦੀ ਹੈ।

(ਖ) **ਸਿੱਖਿਅਕ ਪ੍ਰੋਗਰਾਮ ਦਾ ਪਸਾਰ (Expansion of Educational Programmes) :** ਨਵੀਂ ਸਿੱਖਿਆ ਪ੍ਰਣਾਲੀ ਨੇ ਸਾਡੇ ਸਿੱਖਿਅਕ ਪ੍ਰੋਗਰਾਮ ਨੂੰ ਕਾਫੀ ਵਿਸ਼ਾਲ ਬਣਾ ਦਿੱਤਾ ਹੈ। ਵਿਦਿਆਰਥੀਆਂ ਨੂੰ +2 ਅਤੇ +3 ਪੱਧਰ ਤੇ ਸਹਾਇਕ ਕਿਰਿਆਵਾਂ ਅਤੇ ਕਿੱਤੇ ਸੰਬੰਧੀ ਵੱਖ ਵੱਖ ਵਿਸ਼ਿਆਂ ਦੀ ਚੋਣ ਕਰਨੀ ਪੈਂਦੀ ਹੈ। ਹੁਣ ਉਨ੍ਹਾਂ ਲਈ ਜਿਆਦਾ ਕੋਰਸ ਉਪਲਬਧ ਹਨ। ਸੋ ਇਸ ਤਰ੍ਹਾਂ ਦੇ ਵਿਦਿਅਕ ਪ੍ਰੋਗਰਾਮ ਵਿਚ ਅਗਵਾਈ ਹੀ ਠੀਕ ਸੇਧ ਦੇ ਸਕਦੀ ਹੈ। ਕਈ ਤਰ੍ਹਾਂ ਦੇ ਸਕੂਲ ਹਨ ਜਿਨ੍ਹਾਂ ਬਾਰੇ ਅਗਵਾਈ ਦੀ ਲੋੜ ਹੈ।

(ਗ) **ਬਣਾਵਟੀ ਵਿਗਿਆਨ ਦੀ ਖਿੱਚ (Appeal of Pseudo Science) :** ਕਈ ਨਕਲੀ ਕਿਸਮ ਦੇ ਵਿਗਿਆਨ ਹਨ ਜਿਸ ਤਰ੍ਹਾਂ ਲਾਟਰੀ ਨੰਬਰਾਂ ਦਾ ਗਿਆਨ (Numerology), ਹਸਤ ਰੇਖਾ (Palmistry), ਸੁੰਦਰ ਲਿਖਾਈ (Calligraphy) ਆਦਿ। ਅਜਿਹੇ ਵਿਗਿਆਨ ਲੋਕਾਂ ਨੂੰ ਭਰਮ ਭੁਲੇਖੇ ਵਿਚ ਪਾਉਂਦੇ ਹਨ ਅਤੇ ਮਿਹਨਤ ਅਤੇ ਆਪਣੇ ਆਪ ਦੇ ਭਰੋਸੇ ਤੋਂ ਦੂਰ ਲੈ ਜਾਂਦੇ ਹਨ। ਅਗਵਾਈ ਲੋਕਾਂ ਨੂੰ ਅਜਿਹੀ ਲੁੱਟ ਤੋਂ ਬਚਾਉਂਦੀ ਹੈ। ਇਹ ਸਿਰਫ ਠੀਕ ਅਗਵਾਈ ਨਾਲ ਹੀ ਦੱਸਿਆ ਜਾ ਸਕਦਾ ਹੈ ਕਿ ਸਫਲਤਾ ਪ੍ਰਾਪਤ ਕਰਨ ਲਈ ਕੋਈ ਸਿੱਧਾ ਸਪਾਟ (Short-cuts) ਰਸਤਾ ਨਹੀਂ ਹੈ।

(ਘ) **ਉਦਯੋਗਿਕ ਹਾਲਾਤ ਵਿਚ ਪਰਿਵਰਤਨ (Change in Industrial Training) :** ਪੁਰਾਣੇ ਸਮੇਂ ਵਿਚ ਜੱਦੀ ਕਿੱਤਿਆਂ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਸੀ। ਹੁਣ ਹਾਲਾਤ ਬਦਲ ਗਏ ਹਨ। ਨਵੇਂ ਉਦਯੋਗਾਂ ਦੀ ਨੀਂਹ ਰੱਖੀ ਜਾ ਰਹੀ ਹੈ ਅਤੇ ਨਵੇਂ ਕਿੱਤਿਆਂ ਦੀ ਮੰਗ ਵਧ ਰਹੀ ਹੈ। ਹਰ ਆਦਮੀ ਹਰ ਕਿੱਤੇ ਵਿਚ ਕੰਮ ਨਹੀਂ ਕਰ ਸਕਦਾ। ਭਿੰਨ ਭਿੰਨ ਕਿੱਤਿਆਂ ਲਈ ਖਾਸ ਕਿਸਮ ਦੀਆਂ ਯੋਗਤਾਵਾਂ ਵਾਲੇ ਆਦਮੀਆਂ ਦੀ ਲੋੜ ਹੈ। ਮਾਰਗਦਰਸ਼ਨ ਮਦਦ ਕਰਦੀ ਹੈ ਕਿ ਉਚਿਤ ਕਿੱਤਾ ਉਚਿਤ ਵਿਅਕਤੀ ਦੁਆਰਾ ਹੀ ਅਪਣਾਇਆ ਜਾਵੇ। ਇਸ ਲਈ ਮਾਰਗਦਰਸ਼ਨ ਦੀ ਬਹੁਤ ਲੋੜ ਹੈ।

(ਙ) **ਸਕੂਲ ਵਿੱਚ ਬੱਚਿਆਂ ਦੀ ਭੀੜ (Rush of Students in Schools) :** ਭਾਰਤ ਵਿਚ ਜਨਸੰਖਿਆ ਬੜੀ ਤੇਜ ਗਤੀ ਨਾਲ ਵਧ ਰਹੀ ਹੈ ਜਿਸ ਕਾਰਨ ਸਕੂਲਾਂ ਵਿਚ ਬੱਚਿਆਂ ਦੀ ਭੀੜ ਵਧਣ ਕਾਰਨ ਅਗਵਾਈ ਦੀਆਂ ਸੇਵਾਵਾਂ ਦੀ ਲੋੜ ਹੈ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸਮਾਜਿਕ ਅਤੇ ਵਿਅਕਤੀਗਤ ਕਾਰਨਾਂ ਦੇ ਪੱਖੋਂ ਸਾਨੂੰ ਅਗਵਾਈ ਦੀ ਲੋੜ ਹੈ। ਸਮਾਜ ਤਾਂ ਹੀ ਤਰੱਕੀ ਕਰ ਸਕਦਾ ਹੈ ਜੇਕਰ ਮਨੁੱਖ ਕਿੱਤੇ ਅਤੇ ਸਮਾਜਿਕ, ਰਾਜਨੀਤਿਕ ਢਾਂਚੇ ਵਿਚ ਸਹੀ ਸਥਾਨ ਪਾ ਸਕਣ ਕਿਉਂਕਿ ਇਥੇ ਹੀ ਉਨਾਂ ਨੇ ਦੂਸਰਿਆਂ ਦੀ ਭਲਾਈ ਲਈ ਕੰਮ ਕਰਨੇ ਹੁੰਦੇ ਹਨ।

**1.6 ਸਾਰ (Summary) :** ਵੱਖ-ਵੱਖ ਚਿੰਤਕਾਂ ਨੇ ਮਾਰਗਦਰਸ਼ਨ ਬਾਰੇ ਭਿੰਨ ਭਿੰਨ ਤਰ੍ਹਾਂ ਦੇ ਅਰਥ ਦਰਸਾਏ ਹਨ। ਮੂਲ ਰੂਪ ਵਿੱਚ ਇਸ ਦਾ ਅਰਥ ਹੁੰਦਾ ਹੈ ਕਿ ਵਿਅਕਤੀ ਨੂੰ ਇਸ ਯੋਗ ਬਣਾਇਆ ਜਾਵੇ ਕਿ ਉਹ ਆਪਣੇ ਫੈਸਲੇ ਆਪ ਅਕਲਮੰਦੀ ਨਾਲ ਕਰ

ਸਕੇ। ਮਾਰਗਦਰਸ਼ਨ ਦਾ ਇਕ ਟੀਚਾ ਇਹ ਹੁੰਦਾ ਹੈ ਕਿ ਵਿਅਕਤੀ ਆਪਣੇ ਆਪ ਬਾਰੇ ਸਪੱਸ਼ਟ ਹੋ ਸਕੇ। ਵੱਖ ਵੱਖ ਕਿੱਤਿਆਂ ਦੇ ਕੰਮ ਬਾਰੇ ਤੇ ਸਿੱਖਿਆ ਦੀ ਚੋਣ ਬਾਰੇ ਵੀ ਸਪੱਸ਼ਟ ਹੋਵੇ। ਇਸ ਭਾਂਤ ਉਹ ਆਪਣੇ ਵਿਅਕਤੀਤਵ ਦੀ ਲੋਅ ਵਿੱਚ ਆਪਣੀਆਂ ਸੰਭਾਵਨਾਵਾਂ ਤੇ ਉਨਾਂ ਦੀ ਚੋਣ ਬਾਰੇ ਜੋ ਸੰਭਾਵਨਾਵਾਂ ਉਸ ਸਾਹਮਣੇ ਸਥਾਪਤ ਹੋਣ ਉਨਾਂ ਦਾ ਫੈਸਲਾ ਕਰ ਸਕੇ।

ਇਸ ਦਾ ਭਾਵ ਹੁੰਦਾ ਹੈ ਕਿ ਵਿਅਕਤੀ ਨੂੰ ਉਸ ਦੀਆਂ ਕਾਬਲੀਅਤਾਂ, ਸੰਭਾਵਨਾਵਾਂ, ਅਤੇ ਯੋਗਤਾਵਾਂ ਬਾਬਤ ਸੁਚੇਤ ਕੀਤਾ ਜਾਵੇ ਜਿਸ ਵਿਚ ਉਸ ਦੀਆਂ ਕਮੀਆਂ ਵੀ ਸ਼ਾਮਿਲ ਹੋਣ ਤਾਂ ਜੋ ਉਸ ਦਾ ਸੰਕਲਪ ਸਪੱਸ਼ਟ ਹੋ ਸਕੇ।

ਸਿੱਖਿਆ ਦੇ ਨਵੇਂ ਢਾਂਚੇ 10+2+3 ਦੇ ਵਿਚ ਮਾਰਗਦਰਸ਼ਨ ਦਾ ਉੱਚਾ ਸਥਾਨ ਹੈ ਤੇ ਇਸ ਤੋਂ ਬਗੈਰ ਇਹ ਢਾਂਚਾ ਸਫਲ ਨਹੀਂ ਹੋ ਸਕਦਾ।

## 1.7 ਸਵੈ-ਮੁਲਾਂਕਣ ਲਈ ਪ੍ਰਸ਼ਨ (Questions for Self-Evaluation) :

1. ਹਰ ਤਰ੍ਹਾਂ ਦਾ ਮਾਰਗਦਰਸ਼ਨ ਕਿੱਤਈ ਮਾਰਗਦਰਸ਼ਨ ਹੀ ਹੈ। ਹਾਂ/ਨਹੀਂ
2. ਮਾਰਗਦਰਸ਼ਨ ਨੇ ਹੀ ਵਿਦਿਆਰਥੀਆਂ ਲਈ ਸਹੀ ਰਾਹ ਚੁਣਨਾ ਹੁੰਦਾ ਹੈ। ਹਾਂ/ਨਹੀਂ
3. ਮਾਰਗਦਰਸ਼ਨ ਦੀ ਕੋਈ ਵੀ ਪਰਿਭਾਸ਼ਾ ਹਰ ਪ੍ਰਕਾਰ ਨਾਲ ਸੰਪੂਰਨ ਨਹੀਂ ਹੈ। ਹਾਂ/ਨਹੀਂ
4. ਮਾਰਗਦਰਸ਼ਨ ਰਾਹੀਂ ਵਿਅਕਤੀ ਦੇ ਆਪਣੇ ਬਾਬਤ ਹੀ ਸੰਕਲਪ ਨੂੰ ਸਪੱਸ਼ਟ ਕੀਤਾ ਜਾਂਦਾ ਹੈ। ਹਾਂ/ਨਹੀਂ
5. ਸਭ ਵਿਦਿਆਰਥੀਆਂ ਨੂੰ ਮਾਰਗਦਰਸ਼ਨ ਦੀ ਲੋੜ ਹੁੰਦੀ ਹੈ। ਹਾਂ/ਨਹੀਂ
6. ਮਾਰਗਦਰਸ਼ਨ ਰਾਹੀਂ ਵਿਅਕਤੀ ਨੂੰ ਇਨਾ ਸਿਆਣਾ ਬਣਾ ਦਿੱਤਾ ਜਾਂਦਾ ਹੈ ਕਿ ਉਹ ਆਪਣੀ ਸਮੱਸਿਆ ਬਾਰੇ ਆਪ ਫੈਸਲੇ ਕਰ ਸਕਦਾ ਹੈ। ਹਾਂ/ਨਹੀਂ
7. ਮਾਰਗਦਰਸ਼ਨ ਦੀ ਜ਼ਰੂਰਤ ਇਸ ਲਈ ਹੁੰਦੀ ਹੈ ਕਿ ਕੋਈ ਵੀ ਦੋ ਵਿਅਕਤੀ ਇਕੋ ਜਿਹੇ ਨਹੀਂ ਹੁੰਦੇ ਅਤੇ ਨਾ ਹੀ ਉਨਾਂ ਦੇ ਸਾਹਮਣੇ ਇਕ ਹੀ ਚੋਣ ਦਾ ਵਿਸ਼ਾ ਹੁੰਦਾ ਹੈ। ਹਾਂ/ਨਹੀਂ
8. ਲੋਕਤੰਤਰੀ ਸਮਾਜ ਵਿਚ ਮਾਰਗਦਰਸ਼ਨ ਲੋਕਤੰਤਰੀ ਕੀਮਤਾਂ ਨੂੰ ਸਥਾਪਤ ਕਰਨ ਲਈ ਲਾਜ਼ਮੀ ਹੁੰਦਾ ਹੈ। ਹਾਂ/ਨਹੀਂ
9. ਸਿੱਖਿਆ ਦੇ ਨਵੇਂ ਢਾਂਚੇ 10+2+3 ਵਿੱਚ ਮਾਰਗਦਰਸ਼ਨ ਜ਼ਰੂਰੀ ਹੁੰਦਾ ਹੈ। ਹਾਂ/ਨਹੀਂ
10. ਆਧੁਨਿਕੀਕਰਣ ਵਿਚ ਜਿਥੇ ਬਹੁਤ ਸਾਰੇ ਕਿੱਤੇ ਹੋਂਦ ਵਿਚ ਆ ਰਹੇ ਹਨ, ਸਿੱਖਿਆ ਮਾਰਗ ਦਰਸ਼ਨ ਤੋਂ ਬਿਨਾਂ ਅਧੂਰੀ ਰਹਿ ਜਾਵੇਗੀ। ਹਾਂ/ਨਹੀਂ

## 1.8 ਸੁਝਾਏ ਪ੍ਰਸ਼ਨ (Suggested Questions) :

1. ਮਾਰਗਦਰਸ਼ਨ ਤੋਂ ਤੁਹਾਡਾ ਕੀ ਭਾਵ ਹੈ ? ਇਸ ਦੀਆਂ ਲੋੜਾਂ ਨੂੰ ਵਿਸਤਾਰ ਵਿਚ ਲਿਖੋ।
2. ਭਾਰਤ ਵਿਚ ਮਾਰਗਦਰਸ਼ਨ ਦੇ ਮੁੱਖ ਟੀਚੇ ਅਤੇ ਉਦੇਸ਼ ਕੀ ਹਨ ?

**ਕੁੰਜੀ (Answer Key) :**

| | | | | |
|---|---|---|---|---|
| 1. ਨਹੀਂ, | 2. ਨਹੀਂ, | 3. ਹਾਂ, | 4. ਹਾਂ, | 5. ਹਾਂ |
| 6. ਹਾਂ, | 7. ਹਾਂ, | 8. ਹਾਂ, | 9. ਹਾਂ, | 10. ਹਾਂ। |

## 1.9 ਸੁਝਾਈਆਂ ਪੁਸਤਕਾਂ (Suggested Books) :

1. ਸੋਢੀ, ਟੀ. ਐਸ. ਅਤੇ ਹਰਿੰਦਰ ਕੌਰ ਸੋਢੀ : ਮਾਰਗਦਰਸ਼ਨ ਅਤੇ ਕੌਂਸਲਿੰਗ
2. ਬੰਗਾਲੀ, ਐਮ. ਡੀ. : ਗਾਈਡੈਂਸ ਐਂਡ ਕੌਂਸਲਿੰਗ
3. ਜਾਨਜ, ਐ. ਟੀ. : ਪ੍ਰਿੰਸੀਪਲਜ਼ ਆਫ ਗਾਈਡੈਂਸ
4. ਗੁਪਤਾ, ਐਸ. ਕੇ. : ਗਾਈਡੈਂਸ ਐਂਡ ਕੌਂਸਲਿੰਗ ਇਨ ਇੰਡੀਅਨ ਐਜੂਕੇਸ਼ਨ
5. ਸੂਰੀ, ਐਸ. ਪੀ. ਅਤੇ ਟੀ. ਐਸ. ਸੋਢੀ : ਗਾਈਡੈਂਸ ਐਂਡ ਕੌਂਸਲਿੰਗ

## 1.10 ਵੈਬ ਸੋਮੇ (Web Sources) :

1. en.wikipedia.org
2. www.blurtit.com

(ਅਗਵਾਈ ਅਤੇ ਪਰਾਮਰਸ਼) ਅਗਵਾਈ ਦੀਆਂ ਕਿਸਮਾਂ :
ਵਿਦਿਅਕ, ਕਿੱਤਈ, ਨਿੱਜੀ ਅਗਵਾਈ,
ਉਨ੍ਹਾਂ ਦੇ ਅਰਥ, ਮਹੱਤਵ ਅਤੇ ਲੋੜ

ਪਾਠ ਨੰ. : **1.2**

ਲੇਖਕ : ਡਾ. ਐਸ. ਕੇ. ਨੰਦਾ
ਅਨੁਵਾਦਕ : ਪ੍ਰੋ. ਐਚ. ਐਸ. ਬਰਾੜ

ਢਾਂਚਾ **(Structure)**

**2.1** **ਵਿੱਦਿੱਅਕ ਅਗਵਾਈ**
ੳ) ਅਰਥ
ਅ) ਵਿੱਦਿਅਕ ਅਗਵਾਈ ਦੇ ਮੰਤਵ
ੲ) ਵਿੱਦਿਅਕ ਅਗਵਾਈ ਦੀ ਲੋੜ
2.2 **ਕਿੱਤਈ ਅਗਵਾਈ**
ੳ) ਅਰਥ
ਅ) ਕਿੱਤਈ ਅਗਵਾਈ ਦੇ ਮੰਤਵ
ੲ) ਕਿੱਤਈ ਅਗਵਾਈ ਦੀ ਲੋੜ
2.3 **ਨਿੱਜੀ ਅਗਵਾਈ**
ੳ) ਨਿੱਜੀ ਅਗਵਾਈ
ਅ) ਨਿੱਜੀ ਅਗਵਾਈ ਦੇ ਉਦੇਸ਼
ੲ) ਨਿੱਜੀ ਅਗਵਾਈ ਦੀ ਲੋੜ
ਸ) ਨਿੱਜੀ ਅਗਵਾਈ ਕਿਵੇਂ ਦਿੱਤੀ ਜਾ ਸਕਦੀ ਹੈ
2.4 ਸਾਰ
2.5 ਸੁਝਾਏ ਪ੍ਰਸ਼ਨ
2.6 ਸੁਝਾਈਆਂ ਪੁਸਤਕਾਂ

ਅਗਵਾਈ ਕਈ ਕਿਸਮਾਂ ਦੀ ਹੈ। ਕੁਝ ਵਿਸ਼ਿਸ਼ਟਾਂ ਦਾ ਖਿਆਲ ਹੈ ਕਿ ਅਗਵਾਈ 56 ਕਿਸਮਾਂ ਦੀ ਹੈ। ਕਈ ਹੋਰ ਕਹਿੰਦੇ ਹਨ ਕਿ ਇਸ ਦੀਆਂ 17 ਕਿਸਮਾਂ ਹਨ ਅਤੇ ਕੁਝ ਕੁ ਇਸ ਦੀਆਂ 5 ਕਿਸਮਾਂ ਦਾ ਵਰਣਨ ਕਰਦੇ ਹਨ ਜਿਵੇਂ ਕਿ ਵਿਦਿਅਕ, ਕਿੱਤਈ, ਨਿੱਜੀ, ਸਮਾਜਿਕ, ਨੈਤਿਕ ਅਤੇ ਵਿਹਲੇ ਸਮੇਂ ਦੀ ਅਗਵਾਈ। ਪਰ ਮੁੱਖ ਤੌਰ ਤੇ, ਅਗਵਾਈ ਦੀਆਂ 3 ਪੀ ਕਿਸਮਾਂ ਹਨ ਜਿਵੇਂ ਕਿ ਸਿੱਖਿਅਕ, ਕਿੱਤਈ ਅਤੇ ਨਿੱਜੀ। ਇਹ ਤਿੰਨ ਕਿਸਮਾਂ ਸਾਰੇ ਚਿੰਤਕਾਂ ਦੀਆਂ ਲੜੀਆਂ ਵਿਚ ਸਾਂਝੀਆਂ ਵੀ ਹਨ।

### 2.1. ਵਿੱਦਿਅਕ ਅਗਵਾਈ (Educational Guidance) :

### (ੳ) ਅਰਥ (Meaning) :-

ਬਰੀਵਰ (Brewer) ਦੇ ਸ਼ਬਦਾਂ ਵਿਚ ''ਵਿਦਿਅਕ ਅਗਵਾਈ ਉਹ ਚੇਤੰਨ ਕੋਸ਼ਿਸ਼ ਹੈ ਜਿਸ ਨਾਲ ਵਿਅਕਤੀ ਦੇ ਬੌਧਿਕ ਵਿਕਾਸ ਵਿਚ ਸਹਾਇਤਾ ਮਿਲੇ। ਹਦਾਇਤਾਂ ਜਾਂ ਸਿੱਖਣ ਨਾਲ ਜੋ ਕੁਝ ਵੀ ਸੰਬੰਧਤ ਹੈ, ਵਿਦਿਅਕ ਅਗਵਾਈ ਕਹਾਉਂਦਾ ਹੈ।'' (Educational Guidance may be defined as a conscious effort to assist in the intellectual growth of the individual. Anything that has to do with instructions or with learning may come under the term educational guidance).

ਮਾਇਰਜ਼ (Myers) ਦਾ ਵਿਚਾਰ ਹੈ, ''ਇਕ ਪਾਸੇ ਤਾਂ ਇਹ ਸੇਵਾ ਵਿਅਕਤੀ ਦੇ ਅੰਦਰ, ਭਾਂਤ-ਭਾਂਤ ਦੀਆਂ ਖੂਬੀਆਂ ਤੇ ਦੂਸਰੇ ਪਾਸੇ ਭਾਂਤ ਭਾਂਤ ਦੀਆਂ ਲੋੜਾਂ ਅਤੇ ਸੰਭਾਵਨਾਵਾਂ ਵਿਚ, ਵੱਖ-ਵੱਖ ਭਾਂਤ ਦੀਆਂ ਪ੍ਰਸਥਿਤੀਆਂ ਪ੍ਰਦਾਨ ਕਰਦੀ ਹੈ ਤਾਂ ਕਿ ਉਹ ਵਿਅਕਤੀ ਦੀ ਸਿੱਖਿਆ ਦੇ ਵਿਕਾਸ ਲਈ ਸੁਖਾਂਵਾਂ ਮਾਹੌਲ ਬਣਾਵੇ।'' (Educational Guidance is a process concerned with bringing about between

an individual pupil with his distinctive characteristics on the one hand, and differing groups of opportunities and requirements on the other, a favourable setting for individual's development or education).

ਜੋਨਜ਼ (Jones) ਅਨੁਸਾਰ ''ਵਿਦਿਅਕ ਅਗਵਾਈ ਵਿਦਿਆਰਥੀ ਨੂੰ ਸਕੂਲ, ਪਾਠਕ੍ਰਮ, ਕੋਰਸ ਦੀ ਚੋਣ ਅਤੇ ਸਕੂਲੀ ਜ਼ਿੰਦਗੀ ਨਾਲ ਸਮਾਯੋਜਨ ਲਈ ਸਹਾਇਤਾ ਦਿੰਦੀ ਹੈ।'' (Educational guidance is the assistance given to the pupil in their choices and adjustment with relation to school, curriculum course and school life).

ਉਪਰੋਕਤ ਪਰਿਭਾਸ਼ਾ ਵਿਚ, ਵਿਦਿਅਕ ਅਗਵਾਈ ਵਿਚ ਹੇਠ ਲਿਖੀ ਅਗਵਾਈ ਸ਼ਾਮਲ ਹੈ :

ਪੜ੍ਹਨਾ ਕਿਵੇਂ ਹੈ, ਸਿੱਖਣ ਦੇ ਆਮ ਸਾਧਨ, ਸਕੂਲ ਦੀ ਜ਼ਿੰਦਗੀ ਦਾ ਦੂਜੀਆਂ ਕ੍ਰਿਆਵਾਂ ਨਾਲ ਸਮਾਯੋਜਨ ਕਰਨਾ, ਬੋਲਣਾ, ਸਿੱਖਣਾ, ਮੁਲਾਕਾਤ ਕਰਨੀ, ਇਮਤਿਹਾਨ, ਲਾਇਬ੍ਰੇਰੀ ਦੀ ਵਰਤੋਂ ਅਤੇ ਜ਼ਿੰਦਗੀ ਦੇ ਹਰ ਮੋੜ ਤੇ ਇਸ ਸੰਬੰਧੀ ਨਿਰਨੇ ਲੈਣੇ।

ਵਿਦਿਅਕ ਅਗਵਾਈ ਸਿਰਫ ਏਨੀ ਹੀ ਨਹੀਂ ਕਿ ਕਿਹੜਾ ਕੋਰਸ ਪੜ੍ਹਿਆ ਜਾਵੇ ਸਗੋਂ ਵਿਦਿਆਰਥੀ ਉਸ ਕੋਰਸ ਵਿਚ ਸਫ਼ਲਤਾ ਵੀ ਹਾਸਲ ਕਰੇ। ਰੁੱਥ ਸਟਰਾਂਗ (Ruthstrang) ਨੇ ਨਿਰੀਖਣ ਕੀਤਾ ਕਿ ''ਵਿਦਿਅਕ ਅਗਵਾਈ'' ਦਾ ਸੰਬੰਧ ਹੇਠ ਲਿਖੇ ਪ੍ਰਸ਼ਨਾਂ ਦੇ ਨਾਲ ਹੈ :–

(ੳ) ਕੋਈ ਮੁੰਡਾ ਜਾਂ ਕੁੜੀ ਕਿਹੜਾ ਕੰਮ ਕਰਨ ਦੇ ਯੋਗ ਹੈ?

(ਅ) ਕਿਸ ਕਿਸਮ ਦੀ ਸਿੱਖਿਆ ਦਿੱਤੀ ਜਾਵੇ ਤਾਂ ਕਿ ਉਹ ਆਪਣੀਆਂ ਸਮਰਥਾਂਵਾਂ ਅਤੇ ਆਪਣੇ ਆਪ ਦਾ ਵਿਕਾਸ ਕਰਨ ਵਿਚ ਮਦਦ ਕਰੇ।

**(ਅ) ਵਿਦਿਅਕ ਅਗਵਾਈ ਦੇ ਮੰਤਵ (Objectives of Educational Guidance) :**

ਵਿਦਿਅਕ ਅਗਵਾਈ ਵਿਚ ਵਿਦਿਆਰਥੀ ਦੀ ਵਿਦਿਅਕ ਅਤੇ ਸਮਾਜਿਕ ਤਰੱਕੀ ਉਪਰ ਜ਼ੋਰ ਦਿੱਤਾ ਜਾਂਦਾ ਹੈ ਤਾਂ ਜੋ ਉਹ ਵਧੀਆ ਸਮਾਜਿਕ ਰਿਸ਼ਤੇ ਅਤੇ ਆਰਥਿਕ ਖੁਸ਼ਹਾਲੀ ਕਾਇਮ ਕਰ ਸਕੇ ਅਤੇ ਇਕ ਵਧੀਆ ਨਾਗਰਿਕ ਬਣ ਸਕੇ। ਕ੍ਰੋਅ ਅਤੇ ਕ੍ਰੋਅ ਨੇ ਹਾਈ ਸਕੂਲ ਪੱਧਰ ਲਈ ਵਿਦਿਅਕ ਅਗਵਾਈ ਦੇ ਹੇਠ ਲਿਖੇ ਮੰਤਵ ਦਿੱਤੇ ਹਨ।

1. ਪਾਠ–ਕ੍ਰਮ ਦੀ ਚੋਣ ਜੋ ਕਿ ਵਿਦਿਆਰਥੀ ਦੀਆਂ ਯੋਗਤਾਵਾਂ, ਰੁੱਚੀਆਂ ਅਤੇ ਭਵਿੱਖ ਦੀਆਂ ਲੋੜਾਂ ਅਨੁਸਾਰ ਹੋਣੀ ਚਾਹੀਦੀ ਹੈ।
2. ਪੜ੍ਹਾਈ ਦੇ ਕੰਮ ਦੀਆਂ ਆਦਤਾਂ ਉਨਤ ਕਰਨੀਆਂ ਤਾਂ ਜੋ ਪੜ੍ਹਾਈ ਦੇ ਖੇਤਰ ਵਿਚ ਤਸੱਲੀਬਖਸ਼ ਸਫ਼ਲਤਾ ਹਾਸਿਲ ਹੋ ਸਕੇ।
3. ਆਪਣੀ ਵਿਸ਼ੇਸ਼ ਰੁੱਚੀ ਨੂੰ ਯੋਗਤਾ ਤੋਂ ਇਲਾਵਾ ਸਿੱਖਣ ਦੇ ਹੋਰ ਖੇਤਰਾਂ ਬਾਰੇ ਜਾਣਕਾਰੀ ਹਾਸਿਲ ਕਰਨਾ।
4. ਆਪਣੀਆਂ ਜ਼ਰੂਰਤਾਂ ਮੁਤਾਬਿਕ ਸਕੂਲ ਦਾ ਮੰਤਵ ਅਤੇ ਕਾਰਜਸ਼ੀਲਤਾ ਨੂੰ ਸਮਝਣਾ।
5. ਇਸ ਬਾਰੇ ਜਾਣਕਾਰੀ ਹਾਸਿਲ ਕਰਨਾ ਕਿ ਸਕੂਲ ਉਸਨੂੰ ਕੀ ਕੁਝ ਪ੍ਰਦਾਨ ਕਰ ਸਕਦਾ ਹੈ ਤੇ ਫੇਰ ਉਸ ਅਨੁਸਾਰ ਪੜ੍ਹਾਈ ਦਾ ਪ੍ਰੋਗਰਾਮ ਉਲੀਕਣਾ।
6. ਅਗਲੇਰੀ ਪੜ੍ਹਾਈ ਲਈ ਜਿਹੜੇ ਸਕੂਲ ਜਾਂ ਕਾਲਿਜ ਵਿਚ ਜਾਣਾ ਹੈ ਉਸਦੇ ਮੰਤਵ ਤੇ ਕਾਰਜਾਂ ਬਾਰੇ ਜਾਣਕਾਰੀ ਹਾਸਿਲ ਕਰਨਾ।
7. ਨਵੇਂ ਨਵੇਂ ਕੋਰਸਾਂ ਦਾ ਅਧਿਐਨ ਕਰਨਾ ਤੇ ਉਹਨਾਂ ਬਾਰੇ ਅੰਤਰ–ਦ੍ਰਿਸ਼ਟੀ (insight) ਹਾਸਿਲ ਕਰਨਾ।
8. ਕਲਾਸ ਤੋਂ ਬਾਹਰਲੀਆਂ ਕ੍ਰਿਆਵਾਂ ਵਿਚ ਭਾਗ ਲੈਣਾ ਤਾਂ ਜੋ ਅੰਦਰੂਨੀ ਲੀਡਰਸ਼ਿਪ ਦੇ ਗੁਣ ਵਿਕਸਿਤ ਹੋ ਸਕਣ।

9. ਕਿਸੇ ਸਕੂਲ, ਕਾਲਿਜ ਜਾਂ ਵਿਸ਼ੇਸ਼ ਕਿੱਤੇ ਬਾਰੇ ਪੜ੍ਹਾਈ ਜਾਰੀ ਰੱਖ ਸਕਣ ਦੀ ਆਪਣੀ ਯੋਗਤਾ ਦਾ ਅੰਦਾਜ਼ਾ ਲਗਾਉਣਾ।
10. ਆਪਣੇ ਅੰਦਰ ਇਕ ਇਹੋ ਜਿਹਾ ਜ਼ਜ਼ਬਾ ਪੈਦਾ ਕਰਨਾ ਜੋ ਕਿ ਵਿਦਿਆਰਥੀ ਨੂੰ ਉਸਦੀ ਯੋਗਤਾ ਅਨੁਸਾਰ ਚੁਣੇ ਹੋਏ ਸਕੂਲ ਵਿਚ ਪੜ੍ਹਾਈ ਜਾਰੀ ਰਖਣ ਲਈ ਪ੍ਰੇਰਿਤ ਕਰੇ।
11. ਸਕੂਲ ਦੇ ਪਾਠ-ਕ੍ਰਮ ਅਤੇ ਮਾਹੌਲ ਅਨੁਸਾਰ ਖੁਸ਼ ਰਹੇ।

**(ੲ) ਵਿਦਿਅਕ ਅਗਵਾਈ ਦੀ ਲੋੜ (Need of Educational Guidance) :**

ਹੇਠ ਲਿਖੇ ਖੇਤਰਾਂ ਵਿਚ ਅਗਵਾਈ ਦੀ ਲੋੜ ਪੈਂਦੀ ਹੈ।

1. **ਬਹੁਤ ਸਾਰੇ ਕੋਰਸਾਂ ਵਿੱਚੋਂ ਠੀਕ ਵਿਸ਼ੇ ਚੁਣਨੇ (Choice of Courses):** ਜੇਕਰ ਸਕੂਲਾਂ ਵਿਚ ਸਿਰਫ਼ ਇਕੋ ਕਿਸਮ ਦਾ ਕੋਰਸ ਹੁੰਦਾ ਤਾਂ ਵਿਦਿਅਕ ਅਗਵਾਈ ਦੀ ਲੋੜ ਨਹੀਂ ਪੈਣੀ ਸੀ। ਪਰ ਬਹੁਤ ਸਾਰੇ ਕੋਰਸਾਂ ਵਿਚੋਂ ਵਿਦਿਆਰਥੀਆਂ ਨੇ ਇਕ ਕੋਰਸ ਚੁਣਨਾ ਹੁੰਦਾ ਹੈ। ਅਜਿਹੇ ਸਮੇਂ ਵਿਦਿਅਕ ਅਗਵਾਈ ਹੀ ਸਹਾਇਤਾ ਕਰਦੀ ਹੈ। ਫਿਰ ਜਦੋਂ ਵਿਦਿਆਰਥੀ ਨੇ ਉਚੇਰੀ ਪੜ੍ਹਾਈ ਲਈ ਜਾਣਾ ਹੈ, ਕਿਸੇ ਕਿੱਤੇ ਵਾਲੇ ਕੋਰਸ ਦੀ ਚੋਣ ਕਰਨੀ ਹੈ ਤਾਂ ਅਗਵਾਈ ਦੀ ਜ਼ਰੂਰਤ ਪੈਂਦੀ ਹੈ। ਅਸੀਂ ਬੜੇ ਮਾਣ ਨਾਲ ਕਹਿੰਦੇ ਹਾਂ ਕਿ ਸਾਰੇ ਬਹੁ-ਮੰਤਵੀ ਸਕੂਲਾਂ (Multipurpose Schools) ਵਿਚ ਕਈ ਕਿਸਮਾਂ ਦੇ ਵਿਸ਼ੇ ਪੜ੍ਹਾਏ ਜਾਂਦੇ ਹਨ। ਅਜਿਹੇ ਸਕੂਲਾਂ ਵਿਚ ਵਿਦਿਆਰਥੀਆਂ ਦੇ ਰੁਝਾਨ, ਦਿਲਚਸਪੀਆਂ ਅਤੇ ਬੁੱਧੀ ਪੱਧਰ ਨੂੰ ਵੇਖਦੇ ਹੋਏ ਵਿਸ਼ੇ ਚੁਣਨ ਵਿਚ ਮਦਦ ਲਈ ਵਿਦਿਅਕ ਅਗਵਾਈ ਬਹੁਤ ਜ਼ਰੂਰੀ ਹੈ। ਅਜਿਹੇ ਸਕੂਲਾਂ ਦੀ ਸਫ਼ਲਤਾ ਇਸ ਗੱਲ ਤੇ ਹੀ ਨਿਰਭਰ ਕਰਦੀ ਹੈ ਕਿ ਵਿਦਿਆਰਥੀ ਕਿਸ ਖਿਆਲ ਅਤੇ ਅਜ਼ਾਦੀ ਨਾਲ ਠੀਕ ਵਿਸ਼ੇ ਚੁਣਦੇ ਹਨ।

2. **ਫਜ਼ੂਲੀਅਤ ਅਤੇ ਖੜ੍ਹੋਤ ਨੂੰ ਰੋਕਣਾ (To Check Wastage and Stagnation) :** ਗਲਤ ਵਿਸ਼ਾ ਚੁਣੇ ਜਾਣ ਤੇ ਵਿਦਿਆਰਥੀ ਜਾਂ ਤਾਂ ਅੱਧ ਵਿਚਾਲੇ ਕੋਰਸ ਛੱਡ ਜਾਂਦੇ ਹਨ ਜਾਂ ਫੇਲ੍ਹ ਹੋ ਜਾਂਦੇ ਹਨ ਜਾਂ ਫਿਰ ਘੱਟ ਨੰਬਰ ਪ੍ਰਾਪਤ ਕਰਦੇ ਹਨ ਜਿਸ ਦਾ ਨਤੀਜਾ ਹੁੰਦਾ ਹੈ ਫ਼ਜ਼ੂਲ ਖਰਚੀ ਅਤੇ ਖੜ੍ਹੋਤ। ਇਸ ਕਾਰਨ ਨਿਰਾਸ਼ਾ ਵੱਧਦੀ ਹੈ ਜੋ ਕਿ ਯੋਗ ਵਿਦਿਅਕ ਅਗਵਾਈ ਦੇਣ ਨਾਲ ਰੋਕੀ ਜਾ ਸਕਦੀ ਹੈ।

3. **ਭਵਿੱਖ ਬਾਰੇ ਫੈਸਲੇ (Decisions about Future) :** ਜਦੋਂ ਵਿਦਿਆਰਥੀ ਆਪਣੀ ਸਕੂਲ ਦੀ ਪੜ੍ਹਾਈ ਖਤਮ ਕਰਦੇ ਹਨ ਤਾਂ ਉਹ ਭਵਿੱਖ ਬਾਰੇ ਯੋਜਨਾ ਬਣਾਉਂਦੇ ਹਨ, ਅਜਿਹੇ ਸਮੇਂ ਉਨ੍ਹਾਂ ਨੂੰ ਵਿਦਿਅਕ ਅਗਵਾਈ ਦੀ ਲੋੜ ਹੁੰਦੀ ਹੈ ਤਾਂ ਕਿ ਉਹ ਠੀਕ ਨਿਰਣੇ ਲੈ ਸਕਣ ਕਿ ਕਿਸ ਨੌਕਰੀ ਪੇਸ਼ੇ ਲਈ ਟ੍ਰੇਨਿੰਗ ਲੈਣੀ ਹੈ ਜਾਂ ਕੋਈ ਸਿੱਖਿਆ ਪ੍ਰਾਪਤ ਕਰਨੀ ਹੈ ਆਦਿ।

4. **ਵਿਸ਼ੇਸ਼ ਬੱਚਿਆਂ ਵਾਸਤੇ (For Exceptional Children) :** ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਡੇ ਸਕੂਲ ਵਿਚ ਅਧਿਆਪਕ ਔਸਤ ਵਿਦਿਆਰਥੀਆਂ ਨੂੰ ਧਿਆਨ ਵਿਚ ਰੱਖ ਕੇ ਹੀ ਪੜ੍ਹਾਉਂਦੇ ਹਨ। ਵਿਸ਼ੇਸ਼ ਬੱਚੇ ਖਾਸ ਤੌਰ ਤੇ ਪ੍ਰਤਿਭਾਸ਼ਾਲੀ ਅਤੇ ਪਛੜੇ ਹੋਏ ਬੱਚੇ ਇਸ ਤਰ੍ਹਾਂ ਦੀ ਸਿੱਖਿਆ ਤੋਂ ਵਾਂਝੇ ਰਹਿੰਦੇ ਹਨ ਜਾਂ ਆਪਣੇ ਆਪ ਨੂੰ ਅਲੱਗ ਸਮਝਦੇ ਹਨ। ਜੇਕਰ ਅਸੀਂ ਹਰੇਕ ਬੱਚੇ ਦਾ ਭਲਾ ਚਾਹੁੰਦੇ ਹਾਂ ਤਾਂ ਸਾਨੂੰ ਹਰੇਕ ਮਨੁੱਖ ਨੂੰ ਵਿਦਿਅਕ ਅਗਵਾਈ ਪ੍ਰਦਾਨ ਕਰਨੀ ਹੋਵੇਗੀ। ਵਿਸ਼ੇਸ਼ ਬੱਚਿਆਂ ਦੀ ਸਮੱਰਥਾ ਅਨੁਸਾਰ ਸਿੱਖਿਆ ਦੀ ਯੋਜਨਾ ਬਣਾ ਕੇ ਪੇਸ਼ ਕਰਨੀ ਹੋਵੇਗੀ। ਵਿਕਸਿਤ ਦੇਸ਼ਾਂ ਵਿਚ ਵਿਸ਼ੇਸ਼ ਭਾਂਤ ਦੇ ਬੱਚਿਆਂ ਦੀ ਪੜ੍ਹਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਅਜਿਹੇ ਉੱਚ ਬੁੱਧੀ ਦੇ ਬੱਚੇ ਦੇਸ਼ ਦਾ ਵਡਮੁੱਲਾ ਸਰਮਾਇਆ ਹੁੰਦੇ ਹਨ।

5. **ਵਿਦਿਆਰਥੀਆਂ ਨੂੰ ਸਕੂਲ ਜਾਂ ਕਾਲਜ ਦੇ ਮਾਹੌਲ ਅਨੁਸਾਰ ਢਾਲਣਾ (Adjustment of Students in School or College Environment) :** ਹੰਫਰੀ ਅਤੇ ਟ੍ਰੈਕਸਲਰ (Humphery and Traxler) ਨੇ ਵਰਨਣ ਕੀਤਾ ਹੈ ਕਿਸ ਤਰ੍ਹਾਂ ਸਕੂਲ ਜਾਂ ਕਾਲਜ ਦੇ ਪਹਿਲੇ ਸਾਲ ਵਿਦਿਆਰਥੀ ਆਪਣੇ ਆਪ ਨੂੰ ਮਾਹੌਲ ਕਰਨ ਨਾਲ ਇਕਸੁਰ ਅਨੁਭਵ ਨਹੀਂ ਕਰਦੇ। ਇਸੇ ਤਰ੍ਹਾਂ ਕਿੰਨੀਆਂ ਹੀ ਜ਼ਿੰਦਗੀਆਂ ਅਜਾਈਂ ਜਾ ਸਕਦੀਆਂ ਹਨ, ਜੇ ਵਿਦਿਆਰਥੀਆਂ ਨਾਲ ਪਹਿਲੇ ਸਾਲ ਜਾਂ ਉਸ ਤੋਂ ਬਾਦ ਦੇ ਸਮੇਂ ਵਿਚ ਠੀਕ ਢੰਗ ਨਾਲ ਪੇਸ਼ ਨਾ ਆਇਆ ਜਾਵੇ। ਕਈ ਵਿਦਿਆਰਥੀ, ਜਿਨ੍ਹਾਂ ਨੂੰ ਘਰੋਂ ਬਹੁਤ ਪਿਆਰ ਭਰਿਆ ਵਾਤਾਵਰਨ, ਵਧੀਕ

ਸੁਰੱਖਿਆ ਵਾਲਾ ਮਾਹੌਲ ਮਿਲਿਆ ਹੁੰਦਾ ਹੈ, ਉਹ ਬੱਚੇ ਸਕੂਲ ਵਿਚ ਆਪਣੇ ਆਪ ਨੂੰ ਗਵਾਚਿਆ ਹੋਇਆ ਮਹਿਸੂਸ ਕਰਦੇ ਹਨ। ਅਜਿਹੇ ਸਮੇਂ ਵੀ ਵਿਦਿਅਕ ਅਗਵਾਈ ਦੀ ਲੋੜ ਪੈਂਦੀ ਹੈ।

ਵਿਦਿਅਕ ਅਗਵਾਈ ਦੀ ਲੋੜ ਇਕ ਵਾਰ ਇਸ ਤਰ੍ਹਾਂ ਕਹੀ ਜਾ ਸਕਦੀ ਹੈ ਕਿ ਵੱਖੋ ਵੱਖਰੇ ਸਿੱਖਿਆ ਵਾਲੇ ਰਸਤੇ ਵੱਖ ਵੱਖ ਵਿਦਿਅਕ ਅਤੇ ਕਿੱਤਿਆਂ ਵਾਲੇ ਨਿਸ਼ਾਨਿਆਂ ਵੱਲ ਜਾਂਦੇ ਹਨ, ਅਸੀਂ ਸਿਰਫ ਇਹ ਯਕੀਨੀ ਬਣਾਉਣਾ ਹੈ ਕਿ ਬੱਚਾ ਠੀਕ ਰਸਤੇ ਵੱਲ ਜਾ ਰਿਹਾ ਹੈ।

**2.2. 'ਕਿੱਤਈ ਅਗਵਾਈ' (Vocational Guidance) : ੳ) ਅਰਥ:** 'ਕਿੱਤਈ ਅਗਵਾਈ' ਨੂੰ ਕਈ ਤਰ੍ਹਾਂ ਨਾਲ ਦਰਸਾਇਆ ਜਾ ਸਕਦਾ ਹੈ। ਫਰੈਂਕ ਪਰਸਨ (Frank Person) ਨੇ ਕੋਈ 90 ਸਾਲ ਪਹਿਲਾਂ 'ਕਿੱਤਈ ਸਿੱਖਿਆ' ਬਾਰੇ ਲਿਖਿਆ ਸੀ, ''ਕਿੱਤਈ ਬਿਊਰੋ ਦਾ ਕੰਮ ਨੌਜਵਾਨਾਂ ਲਈ ਕੰਮ ਲੱਭਣਾ, ਕੰਮ ਲਈ ਤਿਆਰ ਕਰਨਾ, ਦਾਖਲੇ ਲਈ ਰਸਤਾ ਲੱਭਣਾ ਅਤੇ ਸੁਯੋਗਤਾ ਅਤੇ ਸਫ਼ਲਤਾ ਭਰਪੂਰ ਧੰਦਾ ਚਲਾਉਣ ਲਈ ਮਦਦ ਕਰਨਾ ਹੈ।''

ਨੈਸ਼ਨਲ ਵੋਕੇਸ਼ਨਲ ਗਾਈਡੈਂਸ ਐਸੋਸੀਏਸ਼ਨ ਆਫ਼ ਅਮਰੀਕਾ, 1937 (National Vocational Guidance Association of America, 1937) ਨੇ ਕਿੱਤਈ ਅਗਵਾਈ ਦਾ ਵਰਨਣ ਇਸ ਤਰ੍ਹਾਂ ਕੀਤਾ ਹੈ, ''ਉਹ ਪ੍ਰਕਿਰਿਆ ਜਿਸ ਵਿਚ ਵਿਅਕਤੀ ਦੀ ਕਿੱਤਾ ਚੁਣਨ ਵਿਚ, ਕਿੱਤੇ ਲਈ ਤਿਆਰ ਕਰਨ ਵਿਚ, ਦਾਖਲਾ ਲੈਣ ਵਿਚ ਅਤੇ ਇਹਦੀ ਤਰੱਕੀ ਵਾਸਤੇ ਮਦਦ ਕਰਨਾ ਹੈ। ਇਹਦਾ ਮੁੱਢਲਾ ਕੰਮ ਵਿਅਕਤੀਆਂ ਨੂੰ ਨਿਰਣੇ ਲੈਣ, ਭਵਿੱਖੀ ਯੋਜਨਾਵਾਂ ਬਨਾਉਣ, ਰੁਜ਼ਗਾਰ ਸੰਬੰਧੀ ਫੈਸਲੇ ਲੈਣ ਅਤੇ ਇਨ੍ਹਾਂ ਕੰਮਾਂ 'ਚ ਇਕਸੁਰਤਾ ਅਤੇ ਸੰਤੁਸ਼ਟਤਾ ਲਿਆਉਣ ਵਿਚ ਮਦਦ ਕਰਨਾ ਹੈ।'' ਜਨਰਲ ਕਾਨਫਰੰਸ ਆਫ਼ ਇੰਟਰ-ਨੈਸ਼ਨਲ ਲੇਬਰ ਨਾਈਜੇਸ਼ਨ' ਨੇ ਸੰਨ 1949 ਵਿਚ ਕਿੱਤਈ ਅਗਵਾਈ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ, ''ਇਹ ਉਹ ਸਹਾਇਤਾ ਹੈ ਜਿਸ ਵਿਚ ਵਿਅਕਤੀਗਤ ਵਿਸ਼ੇਸ਼ਤਾਵਾਂ ਅਤੇ ਰੋਜ਼ਗਾਰ ਮੌਕਿਆਂ ਦੇ ਸੰਬੰਧਾਂ ਦਾ ਵੀ ਜ਼ਿਕਰ ਕੀਤਾ ਜਾਂਦਾ ਹੈ।''

ਕਿੱਤਈ ਅਗਵਾਈ ਇਕ ਲੰਮੇ ਸਮੇਂ ਤੱਕ ਚੱਲਣ ਵਾਲੀ ਨਿਰੰਤਰ ਪ੍ਰਕ੍ਰਿਆ ਹੈ ਜੋ ਸਕੂਲ ਤੋਂ ਸ਼ੁਰੂ ਹੋ ਕੇ ਕੰਮ ਵਾਲੀ ਸਾਰੀ ਜ਼ਿੰਦਗੀ ਜਾਰੀ ਰਹਿੰਦੀ ਹੈ। ਕਿੱਤਈ ਅਗਵਾਈ ਤਿਕੋਣੀ ਕਿੱਲੀ ਵਿਚ ਤਿਕੋਣਾ ਕਿੱਲਾ ਪਾਉਣਾ ਅਤੇ ਗੋਲ ਕਿੱਲੀ ਵਿਚ ਗੋਲ ਕਿੱਲਾ ਪਾਉਣਾ ਹੈ।

'ਕਿੱਤਈ ਅਗਵਾਈ' ਕਿੱਤਈ ਸਿੱਖਿਆ ਨਹੀਂ ਸਗੋਂ ਦੋਵੇਂ ਵੱਖਰੀਆਂ ਧਾਰਨਾਵਾਂ ਹਨ। ਕਿੱਤਈ ਸਿੱਖਿਆ ਉਦੋਂ ਸ਼ੁਰੂ ਹੁੰਦੀ ਹੈ ਜਿਥੇ ਕਿੱਤਈ ਅਗਵਾਈ ਖਤਮ ਹੋ ਜਾਂਦੀ ਹੈ। ਕੁਝ ਵਿਦਵਾਨਾਂ ਨੇ 'ਕਿੱਤਈ ਅਗਵਾਈ' ਦੀਆਂ ਵਿਸ਼ੇਸ਼ਤਾਵਾਂ ਇਸ ਤਰ੍ਹਾਂ ਦਿੱਤੀਆਂ ਹਨ :

(i) ਕੰਮ ਦੀ ਦੁਨੀਆਂ ਸੰਬੰਧੀ ਯੋਗ ਸੂਚਨਾ ਪ੍ਰਦਾਨ ਕਰਨਾ।

(ii) ਆਪਣੇ ਭਵਿੱਖ ਦੇ ਕਿੱਤੇ ਬਾਬਤ ਸਹੀ ਚੋਣ ਕਰਨ ਤੇ ਆਪਣੀਆਂ ਫੈਸਲਾ ਕਰਨ ਸੰਬੰਧੀ ਹੁਨਰ ਵਿਚ ਮਦਦ ਕਰਨਾ।

(iii) ਯੋਗ ਭਾਂਤ ਦੀ ਸਿਖਲਾਈ ਤੇ ਤਿਆਰੀ ਦੀ ਸਿਖਲਾਈ ਲੈਣੀ।

(iv) ਆਪਣੇ ਚੁਣੇ ਹੋਏ ਕਿੱਤੇ ਵਿਚੋਂ ਵੱਧ ਤੋਂ ਵੱਧ ਸਫ਼ਲਤਾ ਅਤੇ ਤਸੱਲੀ ਪ੍ਰਾਪਤ ਕਰਨ ਲਈ ਅਗਵਾਈ ਦੀ ਲੋੜ ਹੁੰਦੀ ਹੈ।

**(ਅ) ਕਿੱਤਈ ਅਗਵਾਈ ਦੇ ਮੰਤਵ (Objectives of Vocational Guidance):** ਕਿੱਤਈ ਅਗਵਾਈ ਵਿਚ ਵਿਸ਼ੇਸ਼ ਤੌਰ ਤੇ ਜ਼ੋਰ ਦਿੰਦੀ ਹੈ ''ਕਿੱਤੇ ਨੂੰ ਚੁਣਨ, ਉਸ ਲਈ ਤਿਆਰੀ ਕਰਨ, ਉਸ ਵਿਚ ਪ੍ਰਵੇਸ਼ ਕਰਨ ਤੇ ਫੇਰ ਉਸ ਵਿਚ ਤਰੱਕੀ ਉਪਰ''। ਸੋ ਕਿੱਤਈ ਅਗਵਾਈ ਦਾ ਮੁੱਢਲਾ ਮੰਤਵ ਹੈ ਵਿਅਕਤੀ ਦੇ ਬਾਰੇ ਵਿਚ ਸਾਰੀ ਜਾਣਕਾਰੀ ਹਾਸਿਲ ਕਰਨਾ। ਕਿੱਤਈ ਅਗਵਾਈ ਦੇ ਮੰਤਵਾਂ ਬਾਰੇ ਕ੍ਰੋਅ ਅਤੇ ਕ੍ਰੋਅ (Crow and Crow) ਨੇ ਨਿਮਨਲਿਖਤ ਕੁਝ ਵਿਸ਼ੇਸ਼ ਮੰਤਵਾਂ ਦਾ ਬਿਆਨ ਕੀਤਾ ਹੈ।

1. ਵਿਦਿਆਰਥੀ ਨੂੰ ਉਹਨਾਂ ਕਿੱਤਿਆਂ ਵਿਚਲੇ ਕੰਮ, ਜ਼ਿੰਮੇਵਾਰੀਆਂ ਅਤੇ ਤਰੱਕੀਆਂ ਬਾਰੇ ਜਾਣਕਾਰੀ ਦੇਣਾ, ਜਿਹੜੇ ਕਿ ਉਸ ਦੀ ਰੁੱਚੀ ਅਨੁਸਾਰ ਹਨ।

2. ਵਿਦਿਆਰਥੀ ਨੂੰ ਉਸ ਦੀਆਂ ਆਪਣੀਆਂ ਯੋਗਤਾਵਾਂ ਤੇ ਨਿਪੁੰਨਤਾਵਾਂ ਬਾਰੇ ਜਾਣੂੰ ਕਰਵਾਉਣਾ ਤਾਂ ਕਿ ਉਹ ਵਿਚਾਰ-ਅਧੀਨ ਕਿੱਤੇ ਦੀਆਂ ਜ਼ਰੂਰਤਾਂ ਅਨੁਸਾਰ ਚਲ ਸਕੇ।

3. ਵਿਦਿਆਰਥੀ ਨੂੰ ਉਸ ਦੀਆਂ ਆਪਣੀ ਕਾਬਲੀਅਤ ਤੇ ਰੁੱਚੀ ਦਾ ਮੁਲਾਂਕਣ ਕਰਨ ਵਿਚ ਮਦਦ ਕਰਨਾ ਤਾਂ ਜੋ ਉਹ ਇਹਨਾਂ ਦਾ ਆਪਣੇ ਅਤੇ ਆਪਣੇ ਸਮਾਜ ਲਈ ਵਧੀਆ ਉਪਯੋਗ ਕਰ ਸਕੇ।

4. ਵਿਦਿਆਰਥੀ ਦੀ ਮਦਦ ਕਰਕੇ ਉਸ ਦੀ ਕੰਮ ਪ੍ਰਤੀ ਰੁੱਚੀ ਨੂੰ ਵਧਾਉਣਾ ਤਾਂ ਕਿ ਉਹ ਜਿਸ ਕਿਸੇ ਕਿੱਤੇ ਨੂੰ ਵੀ ਅਪਨਾਵੇ, ਉਥੇ ਉਹ ਖਰਾ ਉਤਰੇ। ਕਿੱਤੇ ਦੀ ਚੋਣਾਂ ਦਾ ਮਹੱਤਵਪੂਰਨ ਅਧਾਰ ਵਿਅਕਤੀ ਦੀ ਆਪਣੀ ਤਸੱਲੀ (satisfaction) ਉਪੱਰ ਹੈ।

5. ਵਿਅਕਤੀ ਨੂੰ ਇਹੋ ਜਿਹੇ ਮੌਕੇ ਪ੍ਰਦਾਨ ਕਰਨੇ ਤਾਂ ਜੋ ਉਹ ਸਕੂਲੀ ਪਰਸ਼ਿਕਣ ਤੇ ਵੱਖ ਵੱਖ ਕਿੱਤਿਆਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਹਾਸਿਲ ਕਰ ਸਕੇ।

6. ਵਿਅਕਤੀ ਨੂੰ ਕਿੱਤਿਆਂ ਬਾਰੇ ਸੋਚਣ ਤੇ ਉਹਨਾਂ ਦਾ ਵਿਸ਼ਲੇਸ਼ਣ ਕਰਨ ਬਾਰੇ ਮਦਦ ਦਿੱਤੀ ਜਾਵੇ ।

7. ਦਿਮਾਗੀ ਤੇ ਸਰੀਰਕ ਤੌਰ ਤੇ ਜਾਂ ਆਰਥਿਕ ਤੌਰ ਤੇ ਪੱਛੜੇ ਵਿਦਿਆਰਥੀ ਦੀ ਮਦਦ ਕਰਨੀ ਤਾਂ ਜੋ ਉਹ ਵਧੀਆ ਜ਼ਿੰਦਗੀ ਜਿਉ ਸਕਣ ਅਤੇ ਨਿੱਜੀ ਤੇ ਸਮਾਜਿਕ ਤੌਰ ਤੇ ਸੁਰੱਖਿਅਤ ਮਹਿਸੂਸ ਕਰਨ।

8. ਵਿਦਿਆਰਥੀਆਂ ਵਿਚ ਵਿਸ਼ਵਾਸ਼ ਦੀ ਭਾਵਨਾ ਪੈਦਾ ਕਰਨੀ ਤਾਂ ਜੋ ਉਹ ਅਧਿਆਪਕਾਂ ਤੇ ਅਗਵਾਈ ਕਰਤਾਵਾਂ ਤੋਂ ਆਪਣੀਆਂ ਨਿੱਜੀ ਤੇ ਕਿੱਤਿਆਂ ਸੰਬੰਧੀ ਮੁਸ਼ਕਿਲਾਂ ਬਾਰੇ ਸਲਾਹ-ਮਸ਼ਵਰਾ ਲੈ ਸਕਣ।

9. ਵੱਖ ਵੱਖ ਸਿੱਖਿਅਕ ਸੰਸਥਾਵਾਂ ਜੋ ਕਿ ਕਿੱਤਿਆਂ ਸੰਬੰਧੀ ਸਿਖਲਾਈ ਦਿੰਦੀਆਂ ਹਨ, ਬਾਰੇ ਜਾਣਕਾਰੀ ਇਕੱਠੀ ਕਰਨ ਵਿਚ ਵਿਦਿਆਰਥੀ ਦੀ ਮਦਦ ਕਰਨਾ।

10. ਜੇਕਰ ਵਿਦਿਆਰਥੀ ਸਕੂਲ ਦੀ ਸਿੱਖਿਆ ਖਤਮ ਕਰਨ ਤੋਂ ਬਾਅਦ ਉੱਚ ਸਿੱਖਿਆ ਦੇ ਕਿਸੇ ਸੰਸਥਾਨ ਵਿਚ ਦਾਖਲ ਹੋਣਾ ਚਾਹੁੰਦਾ ਹੈ ਤਾਂ ਉਸ ਦੇ ਦਾਖਲੇ, ਸਿਖਲਾਈ ਦੀ ਅਵਧੀ ਤੇ ਖਰਚਿਆਂ ਆਦਿ ਬਾਰੇ ਜਾਣਕਾਰੀ ਪ੍ਰਦਾਨ ਕਰਨਾ।

11. ਸਕੂਲੀ ਵਰ੍ਹਿਆਂ ਦੌਰਾਨ ਵਿਦਿਆਰਥੀ ਨੂੰ ਇਸ ਕਾਬਿਲ ਬਣਾਉਣਾ ਤਾਂ ਜੋ ਉਹ ਆਪਣੇ ਕਿੱਤੇ ਅਤੇ ਕਿੱਤੇ ਵਿਚਲੇ ਲੋਕਾਂ ਨਾਲ ਚੰਗੇ ਸੰਬੰਧ ਕਾਇਮ ਕਰ ਸਕੇ।

12. ਵਿਦਿਆਰਥੀ ਨੂੰ ਆਪਣੇ ਕਿੱਤਈ ਸਾਥੀਆਂ ਵਿਚ ਇਕ ਮਾਨਯੋਗ ਸਥਾਨ ਹਾਸਿਲ ਕਰਕੇ ਅਤੇ ਇਕ ਟੀਮ ਦੀ ਤਰ੍ਹਾਂ ਕੰਮ ਕਰਨ ਦੇ ਯੋਗ ਬਣਾਉਣਾ।

13. ਵਿਦਿਆਰਥੀਆਂ ਨੂੰ ਸਿਖਲਾਈ ਜਾਂ ਫੇਰ ਲੰਬੀ ਸਿਖਲਾਈ ਹਾਸਿਲ ਕਰਨ ਲਈ ਤਿਆਰ ਕਰਨਾ ਤਾਂ ਜੋ ਉਹ ਆਪਣੇ ਕਿੱਤੇ ਪ੍ਰਤੀ ਪਰਿਪੂਰਨਤਾ ਪ੍ਰਾਪਤ ਕਰ ਸਕਣ।

14. ਸਿੱਖਿਆਰਥੀ ਨੂੰ ਇਸ ਵਹਿਮ ਤੋਂ ਦੂਰ ਰੱਖਣਾ ਕਿ ਸਿਖਲਾਈ ਕੁਝ ਘੱਟ ਮਿਹਨਤ (short-cut) ਦੁਆਰਾ ਵੀ ਹਾਸਿਲ ਕੀਤੀ ਜਾ ਸਕਦੀ ਹੈ।

15. ਸਿੱਖਿਆਰਥੀ ਨੂੰ ਇਸ ਗੱਲ ਦਾ ਅਹਿਸਾਸ ਦਿਵਾਉਣਾ ਕਿ ਸਫ਼ਲਤਾ ਮਿਹਨਤ ਕਰਨ ਨਾਲ ਪ੍ਰਾਪਤ ਹੁੰਦੀ ਹੈ ਅਤੇ ਮਨ ਨੂੰ ਸੰਤੋਸ਼ ਤਾਂ ਹੀ ਮਿਲ ਸਕਦਾ ਹੈ ਜੇਕਰ ਕੰਮ ਨੂੰ ਪੂਰੀ ਲਗਨ ਨਾਲ ਕੀਤਾ ਜਾਵੇ।

**(ੲ) ਕਿੱਤਈ ਅਗਵਾਈ ਦੀ ਲੋੜ (Need of Vocational Guidance) :** ਹੇਠ ਲਿਖੇ ਕਾਰਨਾਂ ਕਰਕੇ ਕਿੱਤਈ ਅਗਵਾਈ ਦੀ ਲੋੜ ਪੈਂਦੀ ਹੈ।

**(1) ਕਿੱਤਿਆਂ ਵਿਚ ਆ ਰਹੀਆਂ ਤਬਦੀਲੀਆਂ (Changed Scenario of Vocations):** ਪਿਛਲੇ ਕੁਝ ਦਹਾਕਿਆਂ ਵਿੱਚ ਕਿੱਤਿਆਂ ਵਿਚ ਬਹੁਤ ਤਬਦੀਲੀਆਂ ਆ ਰਹੀਆਂ ਹਨ। ਉਹ ਸਮਾਜ ਹੁਣ ਨਹੀਂ ਰਿਹਾ ਜਦੋਂ ਕਿ ਪੁੱਤਰ ਬਾਪ ਵਾਲੇ ਕਿੱਤੇ ਵਿਚ ਪ੍ਰਵੇਸ਼ ਕਰ ਜਾਂਦਾ ਸੀ।

**(2) ਬੇਰੁਜ਼ਗਾਰੀ ਦੀ ਸਮੱਸਿਆ (Problem of Unemployment):** ਇਸ ਦੇਸ਼ ਦੀ ਇਕ ਵੱਡੀ

ਸਮੱਸਿਆ ਬੇਰੁਜ਼ਗਾਰੀ ਦੀ ਹੈ। ਕਈ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਬੇਰੁਜ਼ਗਾਰ ਫਿਰਦੇ ਰਹੇ। ਇਸ ਦਾ ਮੂਲ ਕਾਰਨ ਇਹ ਹੈ ਕਿ ਉਨ੍ਹਾਂ ਨੂੰ ਯੋਗ ਅਗਵਾਈ ਨਹੀਂ ਮਿਲੀ।

(3) **ਕਿੱਤੇ ਨਾਲ ਸਮਾਯੋਜਨ ਨਾ ਹੋਣਾ (Vocational Maladjustment):** ਇਹ ਲੋਕ ਜਿਨ੍ਹਾ ਨੂੰ ਪੜ੍ਹਾਉਣ ਦੇ ਕਿੱਤੇ ਵਿਚ ਰੁਚੀ ਨਹੀਂ ਹੁੰਦੀ ਉਹ ਇਸ ਕਿੱਤੇ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਉਹ ਜਿਨ੍ਹਾਂ ਨੂੰ ਡਾਕਟਰੀ ਵਿਚ ਰੁਚੀ ਨਹੀਂ ਹੁੰਦੀ, ਉਹ ਡਾਕਟਰ ਬਣ ਜਾਂਦੇ ਹਨ ਤੇ ਇਸੇ ਪ੍ਰਕਾਰ ਹੋਰ ਵੀ ਹੁੰਦਾ ਰਹਿੰਦਾ ਹੈ। ਇਸ ਪ੍ਰਕਾਰ ਕਿੱਤੇ ਨਾਲ ਸਮਾਯੋਜਨ ਨਾ ਹੋਣਾ ਸਮਾਜ ਵਿਚ ਨਿਰਾਸ਼ਾ ਤੇ ਦਿਮਾਗੀ ਬੋਝ ਵਧਾਉਂਦਾ ਹੈ। ਇਸ ਲਈ ਕਿੱਤਈ ਅਗਵਾਈ ਦੀ ਲੋੜ ਹੁੰਦੀ ਹੈ।

## 2.3. ਨਿੱਜੀ ਅਗਵਾਈ (Personal Guidance) :

ਨਿੱਜੀ ਅਗਵਾਈ ਮਨੋਰੰਜਨ ਅਤੇ ਵਿਹਲੇ ਸਮੇਂ ਦੀਆਂ ਗਤੀਵਿਧੀਆਂ ਸਮੇਤ ਸਿਹਤ, ਜਜ਼ਬਾਤੀ ਸਮਾਯੋਜਨ ਅਤੇ ਸਮਾਜਿਕ ਸਮਾਯੋਜਨ ਦੀਆਂ ਸਮੱਸਿਆਵਾਂ ਨਾਲ ਸੰਬੰਧਤ ਹੈ।

**(ੳ) ਅਰਥ :** ਨਿੱਜੀ ਅਗਵਾਈ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਕਿ ਕਿਸੇ ਵਿਅਕਤੀ ਨੂੰ ਉਸ ਦੀਆਂ ਜਜ਼ਬਾਤੀ, ਸਮਾਜਿਕ, ਸਦਾਚਾਰਕ, ਨੈਤਿਕ ਅਤੇ ਸਿਹਤ ਸੰਬੰਧੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਹਾਇਤਾ ਕਰਨਾ ਹੈ। ਸੋ ਨਿੱਜੀ ਅਗਵਾਈ ਜ਼ਿੰਦਗੀ ਦੀਆਂ ਇਨ੍ਹਾਂ ਸਮੱਸਿਆਵਾਂ ਨਾਲ ਸੰਬੰਧਤ ਹੈ ਜਿਹੜੀਆਂ ਵਿਦਿਅਕ ਅਤੇ ਕਿੱਤਈ ਅਗਵਾਈ ਦੇ ਖੇਤਰ ਵਿਚ ਨਹੀਂ ਆਉਂਦੀਆਂ। ਭਾਵੇਂ ਨਿੱਜੀ ਅਗਵਾਈ ਵਿਚ ਵਿਦਿਅਕ ਅਤੇ ਕਿੱਤਈ ਅਗਵਾਈ ਆ ਸਕਦੀ ਹੈ।

**ਕਰੋ ਅਤੇ ਕਰੋ ਅਨੁਸਾਰ (According to Crow and Crow) :** ''ਨਿੱਜੀ ਅਗਵਾਈ ਉਹ ਸਹਾਇਤਾ ਹੈ ਜਿਹੜੀ ਕਿਸੇ ਵਿਅਕਤੀ ਨੂੰ ਜ਼ਿੰਦਗੀ ਦੇ ਸਾਰੇ ਖੇਤਰਾਂ ਵਿਚ ਸਹੀ ਦ੍ਰਿਸ਼ਟੀਕੋਣ ਅਤੇ ਵਿਵਹਾਰ ਦੇ ਵਿਕਾਸ ਵਿਚ ਸਭ ਤੋਂ ਵੱਧ ਸਮਾਯੋਜਨ ਪ੍ਰਾਪਤ ਕਰਨ ਲਈ ਦਿੱਤੀ ਜਾਂਦੀ ਹੈ।'' (Personal guidance refers to help given to an individual towards better adjustment, the development of attitudes and behaviour in all areas of life.)

ਇਹਨਾਂ ਪ੍ਰਿਭਾਸ਼ਾਵਾਂ ਤੋਂ ਪਤਾ ਲੱਗਦਾ ਹੈ ਕਿ ਨਿੱਜੀ ਅਗਵਾਈ ਨੂੰ ਮਨੋਵਿਗਿਆਨਿਕ ਜਾਂ ਸਮਾਯੋਜਨ ਅਗਵਾਈ ਵੀ ਕਿਹਾ ਜਾ ਸਕਦਾ ਹੈ।

### (ਅ) ਨਿੱਜੀ ਅਗਵਾਈ ਦੇ ਉਦੇਸ਼ (Objectives of Personal Guidance) :

ਨਿੱਜੀ ਅਗਵਾਈ ਦਾ ਸੁਭਾਅ ਅਤੇ ਉਦੇਸ਼ ਸਮਝਣ ਵਿਚ ਸੌਖ ਹੋ ਜਾਵੇਗੀ ਜੇਕਰ ਅਸੀਂ ਇਹ ਮੰਨੀਏ ਕਿ ਵਿਅਕਤੀ ਦੇ ਸਮਾਜਿਕ ਜੀਵਨ ਤੋਂ ਨਿੱਜੀ ਅਗਵਾਈ ਵੱਖ ਨਹੀਂ ਹੈ। ਨਿੱਜੀ ਅਗਵਾਈ ਵਿਚ ਵਿਅਕਤੀ ਅਤੇ ਉਸਦੇ ਜ਼ਿੰਦਗੀ ਦੇ ਸਮਾਜਿਕ ਪੱਖ ਅਤੇ ਸਮੱਸਿਆਵਾਂ ਲਈਆਂ ਜਾਂਦੀਆਂ ਹਨ। ਇਸ ਤਰ੍ਹਾਂ ਨਿੱਜੀ ਅਗਵਾਈ ਵਿਅਕਤੀ ਦੇ ਸਮਾਜਿਕ ਤੇ ਨਾਗਰਿਕ ਗਤੀਵਿਧੀਆਂ, ਸਿਹਤ ਅਤੇ ਸਰੀਰਕ ਗਤੀਵਿਧੀਆਂ, ਵਿਹਲੇ -ਸਮੇਂ ਦੀ ਠੀਕ ਵਰਤੋਂ ਅਤੇ ਚਰਿਤਰ ਨਿਰਮਾਣ ਗਤੀਵਿਧੀਆਂ ਹਨ।

ਨਿੱਜੀ ਅਗਵਾਈ ਦਾ ਉਦੇਸ਼ ਵਿਅਕਤੀ ਦੀ ਸਰੀਰਕ, ਭਾਵਨਾਤਮਕ, ਨੈਤਿਕ, ਸਮਾਜਿਕ ਅਤੇ ਸਦਾਚਾਰਕ ਵਿਕਾਸ ਅਤੇ ਸਮਾਯੋਜਨ ਵਿਚ ਸਹਾਇਤਾ ਕਰਨਾ ਹੈ। ਸਰੀਰਕ ਵਿਕਾਸ ਦੇ ਸੰਬੰਧ ਵਿਚ ਬੱਚੇ ਖੇਡ ਗਤੀਵਿਧੀਆਂ ਦਾ ਸੰਗਠਨ ਕਰਦੇ ਹਨ। ਭਾਵੁਕ ਵਿਕਾਸ ਬੱਚਿਆਂ ਨੂੰ ਸਵੈ-ਪ੍ਰਗਟਾਅ ਕਰਨ ਦੇ ਮੌਕੇ ਪ੍ਰਦਾਨ ਕਰਦੇ ਹਨ।

ਨਿੱਜੀ ਅਗਵਾਈ ਦਾ ਇਕ ਉਦੇਸ਼ ਇਹ ਵੀ ਹੈ ਕਿ ਨੌਜੁਆਨ ਮੁੰਡੇ, ਕੁੜੀਆਂ ਦੀਆਂ ਆਪਣੀ ਜ਼ਿੰਦਗੀ ਦੀਆਂ ਸਮੱਸਿਆਵਾਂ ਹੱਲ ਕਰਨ ਵਿਚ ਸਹਾਇਤਾ ਕਰਨਾ। ਕੁਝ ਸਮੱਸਿਆਵਾਂ ਬਹੁਤ ਹੀ ਜ਼ਿਆਦਾ ਨਿੱਜੀ ਹੁੰਦੀਆਂ ਹਨ, ਦੂਜਿਆਂ ਨਾਲ ਸਾਂਝੀਆਂ ਕਰਨਾ ਔਖੀਆਂ ਹੁੰਦੀਆਂ ਹਨ ਕਿਉਂਕਿ ਵਿਅਕਤੀ ਨੂੰ ਡਰ, ਸ਼ਰਮ ਆਦਿਕ ਦੀ ਵਜ੍ਹਾ ਕਾਰਨ ਦੂਜਿਆਂ ਨਾਲ ਸਾਂਝੀਆਂ ਕਰਨ ਵਿਚ ਮੁਸ਼ਕਲ ਮਹਿਸੂਸ ਹੁੰਦੀ ਹੈ। ਇਹੋ ਜਿਹੀਆਂ

ਸਮੱਸਿਆਵਾਂ ਵਿਅਕਤੀ ਦੇ ਸਵੈ-ਭਰੋਸੇ ਨੂੰ ਜਿੱਤ ਕੇ ਹੱਲ ਕਰਨਾ ਨਿੱਜੀ ਅਗਵਾਈ ਦਾ ਉਦੇਸ਼ ਹੈ। ਕੁਝ ਸਮੱਸਿਆਵਾਂ ਸਿਹਤ, ਭਾਵੁਕਤਾ ਅਤੇ ਸਮਾਜਿਕ ਸਥਿਤੀਆਂ ਨਾਲ ਸੰਬੰਧਤ ਹੋ ਸਕਦੀਆਂ ਹਨ।

**(ੲ) ਨਿੱਜੀ ਅਗਵਾਈ ਦੀ ਲੋੜ (Need of Personal Guidance) :**

ਅਗਵਾਈ ਲਹਿਰ ਵਿਚ ਕਿੱਤਈ ਅਗਵਾਈ ਸ਼ੁਰੂ ਕੀਤੀ ਗਈ। ਇਸ ਦਾ ਖੇਤਰ ਕਾਫ਼ੀ ਵਿਸ਼ਾਲ ਹੈ। ਵਿਦਿਅਕ ਅਤੇ ਕਿੱਤਈ ਅਗਵਾਈ ਸਮੇਤ ਨਿੱਜੀ ਅਗਵਾਈ ਜਾਂ ਮਨੋਵਿਗਿਆਨਿਕ ਜਾਂ ਸਮਾਯੋਜਨ ਅਗਵਾਈ ਦਾ ਹੋਰ ਅਗਵਾਈ ਵਿਚ ਮਹੱਤਵਪੂਰਨ ਥਾਂ ਹੈ। ਨਿੱਜੀ ਅਗਵਾਈ ਦਾ ਉਦੇਸ਼ ਵਿਅਕਤੀ ਨੂੰ ਬਦਲਦੇ ਹਾਲਾਤ ਵਿਚ ਸਮਾਯੋਜਨ ਕਰਨਾ ਹੈ। ਇਥੇ ਬਹੁਤ ਸਾਰੀਆਂ ਨਿੱਜੀ ਸਮੱਸਿਆਵਾਂ ਹਨ ਜਿਨ੍ਹਾਂ ਦੇ ਹੱਲ ਦੀ ਜ਼ਰੂਰਤ ਹੈ। ਨਿੱਜੀ ਅਗਵਾਈ ਦੀਆਂ ਸਮੱਸਿਆਵਾਂ ਹੇਠ ਲਿਖੀਆਂ ਹਨ :

**1. ਸ਼ਖਸੀਅਤ ਸਮੱਸਿਆਵਾਂ (Personality Problems) :**

ਸ਼ਖਸੀਅਤ ਦੀਆਂ ਸਮੱਸਿਆਵਾਂ ਜਿਵੇਂ ਕਿ ਸੁਭਾਅ ਵਿਚ ਗੁੱਸਾ, ਤੰਗ ਕਰਨਾ, ਚਿੰਤਾ, ਨਹੁੰ ਕੱਟਣਾ, ਅੰਗੂਠਾ ਚੂਸਣਾ, ਲੜਨਾ, ਦੰਦ ਕਿਰਚਣਾ, ਸੁੱਤੇ ਤੁਰਨਾ, ਧਿਆਨ ਰਹਿਤਤਾ, ਦਿਨ ਵਿਚ ਸੁਪਨੇ ਦੇਖਣਾ, ਲੱਜਿਆ, ਹੀਣਤਾ ਭਾਵ ਆਦਿ ਕੁਝ ਕੁ ਅਸਮਾਯੋਜਨ ਦੇ ਪ੍ਰਮੁੱਖ ਕਾਰਨ ਬਣ ਜਾਂਦੇ ਹਨ। ਇਸ ਲਈ ਇਨ੍ਹਾਂ ਨੂੰ ਹੱਲ ਕਰਨ ਲਈ ਅਗਵਾਈ ਦੀ ਲੋੜ ਹੈ।

**2. ਸਰੀਰਕ ਸਿਹਤ ਦੀਆਂ ਸਮੱਸਿਆਵਾਂ (Problems Concerning Physical Health) :**

ਸਰੀਰਕ ਸਿਹਤ ਨਾਲ ਸੰਬੰਧਤ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਹੁੰਦੀਆਂ ਹਨ ਜਿਵੇਂ ਸਰੀਰਕ ਅਰੋਗਤਾ ਆਦਿਕ। ਇਹਨਾਂ ਦਾ ਪਤਾ ਲਗਾਉਣਾ ਤੇ ਇਲਾਜ ਅਤੇ ਪ੍ਰਹੇਜ ਲਈ ਅਗਵਾਈ ਦੀ ਲੋੜ ਹੁੰਦੀ ਹੈ।

**3. ਸਕੂਲ ਸਮੱਸਿਆਵਾਂ (School Problems) :**

ਇਹ ਹੋ ਸਕਦਾ ਹੈ ਕਿ ਕਿਸੇ ਬੱਚੇ ਨੂੰ ਸਕੂਲ ਵਿਚ ਕੁਝ ਸਮੱਸਿਆਵਾਂ ਹੋਣ ਜਿਵੇਂ ਕਿ ਸਿੱਖਿਆ, ਸਰੀਰਕ, ਸਮਾਜਿਕ ਅਤੇ ਉਸ ਨੂੰ ਤਰੱਕੀ ਕਰਨ ਵਿਚ ਕੋਈ ਸਮੱਸਿਆ ਹੋ ਸਕਦੀ ਹੈ। ਜਿਸ ਲਈ ਅਗਵਾਈ ਦੀ ਲੋੜ ਹੁੰਦੀ ਹੈ। ਇਹ ਸਕੂਲ ਲਈ ਅਤੇ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਵਿਚ ਆ ਕੇ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਸਕੂਲ ਵਾਤਾਵਰਨ ਨਾਲ ਸਹੀ ਸਮਾਯੋਜਨ ਕਰਨ ਲਈ ਅਗਵਾਈ ਦੀ ਲੋੜ ਹੁੰਦੀ ਹੈ।

**4. ਕਿੱਤਈ ਸਮੱਸਿਆਵਾਂ (Vocational Problems) :**

ਵਿਅਕਤੀ ਨੂੰ ਕਿੱਤਾ ਚੁਣਨ ਵਿਚ, ਕਿਸੇ ਕਿੱਤੇ ਵਿਚ ਟ੍ਰੇਨਿੰਗ ਪ੍ਰਾਪਤ ਕਰਨ ਵਿਚ ਜਾਂ ਆਪਣੇ ਕਿੱਤੇ ਨੂੰ ਬਦਲਣ ਲਈ ਨਿੱਜੀ ਅਗਵਾਈ ਦੀ ਲੋੜ ਹੁੰਦੀ ਹੈ। ਕਿੱਤੇ ਨਾਲ ਸੰਬੰਧਿਤ ਕਈ ਸਮੱਸਿਆਵਾਂ ਇਹੋ ਜਿਹੀਆਂ ਹੁੰਦੀਆਂ ਹਨ ਜਿਹੜੀਆਂ ਨਿੱਜੀ ਤੌਰ ਤੇ ਹੀ ਦੱਸੀਆਂ ਜਾ ਸਕਦੀਆਂ ਹਨ। ਕਿੱਤੇ ਵਿਚ ਤਰੱਕੀ ਅਤੇ ਕਿੱਤੇ ਨਾਲ ਸਮਾਯੋਜਨ ਪ੍ਰਾਪਤ ਕਰਨ ਲਈ ਨਿੱਜੀ ਅਗਵਾਈ ਦੀ ਲੋੜ ਹੋ ਸਕਦੀ ਹੈ।

**5. ਪਰਿਵਾਰਿਕ ਸਮੱਸਿਆਵਾਂ (Family Problems) :**

ਬਹੁਤ ਸਾਰੀਆਂ ਪਰਿਵਾਰਿਕ ਸਮੱਸਿਆਵਾਂ ਹੁੰਦੀਆਂ ਹਨ। ਬੱਚੇ ਅਤੇ ਉਸ ਦੇ ਮਾਪਿਆਂ ਵਿਚਕਾਰ ਰਿਸ਼ਤਾ, ਪਤੀ ਅਤੇ ਪਤਨੀ ਵਿਚਕਾਰ ਰਿਸ਼ਤਾ, ਭੈਣ-ਭਰਾ ਦੇ ਰਿਸ਼ਤੇ ਵਿਚ ਵਿਗਾੜ ਆ ਸਕਦਾ ਹੈ। ਹਾਲਾਤ ਬਦਲਣ ਨਾਲ ਇਹਨਾਂ ਰਿਸ਼ਤਿਆਂ ਵਿਚ ਵੀ ਬਦਲਾਅ ਆਉਂਦਾ ਹੈ। ਕਈ ਘਰਾਂ ਵਿਚ ਮਤਰੇਏ ਮਾਂ-ਪਿਉ ਕਰਕੇ ਬੱਚਾ ਅਣਗੌਲਿਆ ਹੋ ਜਾਂਦਾ ਹੈ ਤੇ ਉਸ ਦਾ ਸੁਭਾਅ ਗੁੰਝਲਦਾਰ ਬਣ ਜਾਂਦਾ ਹੈ। ਪਰਿਵਾਰ ਦੇ ਬੱਚਿਆਂ ਵਿਚਕਾਰ ਈਰਖਾ ਘਰ ਦੇ ਵਾਤਾਵਰਣ ਵਿਚ ਇਕ ਮੁੱਖ ਕਾਰਨ ਹੋ ਸਕਦਾ ਹੈ। ਜਿਸ ਕਰਕੇ ਸਮਾਯੋਜਨ ਵਿਚ ਸਮੱਸਿਆ ਆਉਂਦੀ ਹੈ। ਅੱਜ ਟੁੱਟਦੇ ਪਰਿਵਾਰਾਂ ਨੂੰ ਬਚਾਉਣ ਲਈ ਅਤੇ ਸੁਖਾਵਾਂ ਜੀਵਨ ਜਿਉਣ ਲਈ ਨਿੱਜੀ ਅਗਵਾਈ ਦੀ ਲੋੜ ਹੁੰਦੀ ਹੈ। ਇਹਨਾਂ ਸਮੱਸਿਆਵਾਂ ਨੂੰ ਇਕ ਯੋਗ ਸਲਾਹਕਾਰ ਹੀ ਹੱਲ ਕਰ ਸਕਦਾ ਹੈ।

**6. ਵਿਹਲੇ ਸਮੇਂ ਦੀ ਉਚਿਤ ਵਰਤੋਂ (Utilisation of Leisure Time) :**

ਇਕ ਆਦਮੀ ਨੂੰ ਵਿਹਲੇ ਸਮੇਂ ਨੂੰ ਉਚਿਤ ਢੰਗ ਨਾਲ ਬਿਤਾਉਣ ਲਈ ਅਗਵਾਈ ਦੀ ਲੋੜ ਹੁੰਦੀ

ਹੈ। ਵਿਹਲੇ ਸਮੇਂ ਦਾ ਫਾਇਦਾ ਕਿਵੇਂ ਲਿਆ ਜਾ ਸਕਦਾ ਹੈ। ਉਸ ਨੂੰ ਹੋ ਸਕਦਾ ਹੈ ਕਿ ਖੇਡਾਂ ਵਿਚ ਸ਼ੋਕ ਕ੍ਰਿਆਵਾਂ (hobbies) ਵਿਚ ਅਗਵਾਈ ਦੀ ਲੋੜ ਹੋਵੇ। ਵਿਹਲੇ ਸਮੇਂ ਦੀ ਅਗਵਾਈ ਵੀ ਵਿਅਕਤੀ ਮੁਤਾਬਿਕ ਭਾਵ ਉਸ ਦੀਆਂ ਰੁਚੀਆਂ ਅਨੁਸਾਰ ਦਿੱਤੀ ਜਾਣ ਦੀ ਲੋੜ ਹੈ। ਛੁੱਟੀਆਂ ਬਿਤਾਉਣ ਲਈ ਅਗਵਾਈ ਦੀ ਲੋੜ ਹੈ।

**7. ਬੁਢਾਪੇ ਦੀਆਂ ਸਮੱਸਿਆਵਾਂ (Old Age Problems) :**

ਬੁਢਾਪੇ ਦੀਆਂ ਕੁਝ ਆਪਣੇ ਕਿਸਮ ਦੀਆਂ ਸਮੱਸਿਆਵਾਂ ਹੁੰਦੀਆਂ ਹਨ। ਇਸ ਉਮਰ ਵਿਚ ਬਹੁਤੇ ਅੰਗ ਕਮਜ਼ੋਰ ਹੋ ਜਾਂਦੇ ਹਨ। ਜਿਵੇਂ ਦੇਖਣ, ਸੁਣਨ, ਸੁੰਘਣ ਦੀਆਂ ਇੰਦਰੀਆਂ ਦਿਨੋ ਦਿਨ ਕਮਜ਼ੋਰ ਹੋ ਜਾਂਦੀਆਂ ਹਨ। ਇਸ ਉਮਰ ਵਿਚ ਸਮਾਂ ਬਿਤਾਉਣ ਲਈ ਸਰੀਰਕ ਸੰਭਾਲ ਲਈ ਅਗਵਾਈ ਦੀ ਅਤਿਅੰਤ ਲੋੜ ਹੈ। ਅੱਜ ਦੇ ਵਿਗਿਆਨਿਕ ਯੁੱਗ ਵਿਚ ਇਸ ਦੀ ਜ਼ਿਆਦਾ ਲੋੜ ਹੈ। ਬੁਢਾਪਾ ਹੋਸਟਲ ਉਸਰ ਰਹੇ ਹਨ ਇਹਨਾਂ ਹੋਸਟਲਾਂ ਵਿਚ ਰਹਿ ਰਹੇ ਵਿਚਾਰੇ ਬਜ਼ੁਰਗਾਂ ਨੂੰ ਨਿੱਜੀ ਅਗਵਾਈ ਦੀ ਲੋੜ ਹੈ।

**8. ਲਿੰਗੀ ਸਮੱਸਿਆਵਾਂ (Sex Problems) :**

ਕਿਸੇ ਵਿਅਕਤੀ ਨੂੰ ਲਿੰਗੀ ਸਮੱਸਿਆਵਾਂ ਪੇਸ਼ ਆ ਸਕਦੀਆਂ ਹਨ। ਇਹ ਕੁਦਰਤ ਦੇ ਭੇਦ ਹਨ। ਇਹਨਾਂ ਨੂੰ ਸਮਝਣਾ ਬਹੁਤ ਹੀ ਜ਼ਰੂਰੀ ਹੈ। ਕਈ ਵਾਰੀ ਕਿਸੇ ਵਿਅਕਤੀ ਨੂੰ ਹੱਥਰੱਸੀ, ਜ਼ਿਆਦਾ ਲਿੰਗ ਜਗਿਆਸਾ, ਵਿਲਿੰਗ ਕਾਮੁਕਤਾ ਵਿਚ ਰੁਚੀ ਆਦਿ ਦੇ ਕਾਰਨ ਲਿੰਗੀ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਅਜਿਹੇ ਵਿਅਕਤੀ ਨੂੰ ਖੁਸ਼ ਲਿੰਗੀ ਜੀਵਨ ਗੁਜ਼ਾਰਨ ਲਈ ਨਿੱਜੀ ਅਗਵਾਈ ਦੀ ਲੋੜ ਹੈ।

**9. ਧਾਰਮਿਕ ਸਮੱਸਿਆਵਾਂ (Religious Problems) :**

ਕਿਸੇ ਵਿਅਕਤੀ ਵਿਚ ਕੁਝ ਧਾਰਮਿਕ ਸ਼ੰਕੇ ਜਾਂ ਗਲਤ ਜੀਵਨ ਦਰਸ਼ਨ ਹੋ ਜਾਂਦਾ ਹੈ ਜਿਸ ਲਈ ਉਹ ਅਗਵਾਈ ਦੀ ਲੋੜ ਮਹਿਸੂਸ ਕਰ ਸਕਦਾ ਹੈ। ਧਰਮ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਮਝਣ ਲਈ ਅਗਵਾਈ ਦੀ ਲੋੜ ਹੈ। ਇਹ ਅਗਵਾਈ ਨਿੱਜੀ ਤੌਰ ਤੇ ਦਿੱਤੀ ਜਾਣੀ ਚਾਹੀਦੀ ਹੈ।

**10. ਵਿਆਹ ਸੰਬੰਧੀ ਸਮੱਸਿਆਵਾਂ (Marital Problems) :**

ਉਹ ਵਿਅਕਤੀ ਬਹੁਤ ਕਿਸਮਤ ਵਾਲਾ ਹੈ ਜਿਸ ਨੂੰ ਚੰਗਾ ਜੀਵਨ ਸਾਥੀ ਮਿਲ ਜਾਂਦਾ ਹੈ। ਚੰਗੇ ਜੀਵਨ ਸਾਥੀ ਦੀ ਚੋਣ ਲਈ ਅਗਵਾਈ ਦੀ ਲੋੜ ਹੁੰਦੀ ਹੈ। ਜੇ ਕਿਸੇ ਵਿਅਕਤੀ ਦਾ ਵਿਆਹਿਕ ਜੀਵਨ ਖੁਸ਼ੀ ਅਤੇ ਪ੍ਰਸੰਨਤਾ ਭਰਪੂਰ ਨਹੀਂ ਤਾਂ ਉਸ ਦੇ ਵਿਆਹਿਕ ਜੀਵਨ ਨੂੰ ਪ੍ਰਸੰਨਤਾ ਪੂਰਣ ਬਣਾਉਣ ਲਈ ਅਗਵਾਈ ਦੀ ਲੋੜ ਹੁੰਦੀ ਹੈ।

## (ਸ) ਨਿੱਜੀ ਅਗਵਾਈ ਕਿਵੇਂ ਦਿੱਤੀ ਜਾ ਸਕਦੀ ਹੈ? (Imparting Personal Guidance) :

ਜਿਵੇਂ ਕਿ ਪਹਿਲਾਂ ਵੀ ਵਿਚਾਰਿਆ ਗਿਆ ਹੈ ਕਿ ਅਗਵਾਈ ਯੋਜਨਾਬੱਧ ਅਤੇ ਸਹੀ ਸੰਗਠਨ ਸੇਵਾ ਹੈ ਇਹ ਅਚਾਨਕ ਨਹੀਂ ਦਿੱਤੀ ਜਾ ਸਕਦੀ ਸਗੋਂ ਅਗਵਾਈ ਦੇਣ ਤੋਂ ਪਹਿਲਾਂ ਵਿਅਕਤੀ ਦੀ ਸਮੱਸਿਆ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਨਿੱਜੀ ਅਗਵਾਈ ਦੇਣ ਲਈ ਹੇਠ ਲਿਖੇ ਅਮਲ ਹਨ :

**1. ਤੱਥਾਂ ਨੂੰ ਇੱਕਠਾ ਕਰਨਾ (Collection of Facts) :**

ਸਭ ਤੋਂ ਪਹਿਲਾਂ ਵਿਅਕਤੀ ਬਾਰੇ ਜਾਣਕਾਰੀ ਇੱਕਠੀ ਕਰਨੀ ਹੈ। ਵਿਅਕਤੀ ਨਾਲ ਹੇਠ ਲਿਖੇ ਸੰਬੰਧਿਤ ਤੱਤ ਇਕੱਠੇ ਕਰਨੇ ਜ਼ਰੂਰੀ ਹਨ :

**(i) ਸਰੀਰਕ ਵੇਰਵਾ (Physical Details) :**

ਜਿਵੇਂ ਕਿ ਉਮਰ, ਲਿੰਗ, ਸਰੀਰਕ ਹਾਲਤ ਅਤੇ ਅੱਖ, ਕੰਨ, ਨੱਕ ਤੇ ਗਲੇ ਦੇ ਨੁਕਸ, ਭਾਰ ਅਤੇ ਕੱਦ ਆਦਿ।

**(ii) ਪਰਿਵਾਰਿਕ ਵੇਰਵਾ (Family Details) :**

ਜਿਵੇਂ ਪਰਿਵਾਰਕ ਪਿਛੋਕੜ, ਮਾਪਿਆਂ ਦੀ ਸਿੱਖਿਆ, ਮਾਪਿਆਂ ਦੀ ਆਮਦਨ, ਮਾਪਿਆਂ ਦੀ ਸਮਾਜਿਕ ਪੱਧਰ, ਕੀ ਮਾਂ ਤੇ ਬਾਪ ਦੋਵੇਂ ਜੀਉਂਦੇ ਹਨ, ਕੀ ਮਾਂ-ਬਾਪ ਮਤਰੇਏ ਤਾਂ ਨਹੀਂ, ਭਰਾਵਾਂ ਭੈਣਾਂ ਦੀ ਗਿਣਤੀ, ਪਰਿਵਾਰ ਵਿਚ ਜਨਮ ਤਰਤੀਬ ਦੇ ਬਾਕੀ ਮੈਂਬਰ, ਘਰ ਵਿਚ ਅਨੁਸ਼ਾਸਨ ਤੇ ਪਰਿਵਾਰ ਦੇ ਮੈਂਬਰਾਂ ਦੇ ਆਪਸ

ਵਿਚ ਇਕ ਦੂਜੇ ਨਾਲ ਸੰਬੰਧ।

**(iii) ਸਕੂਲ ਤੇ ਕਾਲਜ ਵੇਰਵਾ (School and College Details) :**

ਜਿਵੇਂ ਸਕੂਲ, ਜਮਾਤੀਆਂ, ਅਧਿਆਪਕਾਂ, ਵਿਸ਼ਿਆਂ, ਪਾਠ-ਕ੍ਰਮ ਨਾਲ ਸੰਬੰਧਤ ਪ੍ਰੋਗਰਾਮਾਂ, ਅਸਫ਼ਲਤਾਵਾਂ, ਸਫ਼ਲਤਾਵਾਂ, ਜਮਾਤ ਵਿਚ ਦਰਜ਼ਾ ਤੇ ਪ੍ਰਾਪਤੀਆਂ ਅਤੇ ਸਕੂਲ ਜਾਂ ਕਾਲਜ਼ ਦੇ ਵਿਸ਼ਿਆਂ ਵਿਚ ਕਠਿਨਾਈਆਂ।

**(iv) ਕਿੱਤੇ ਸੰਬੰਧੀ ਵੇਰਵਾ (Details Concerning Vocations) :**

ਜਿਵੇਂ ਕਿੱਤੇ ਦੀ ਦੇਣ ਕੁਸ਼ਲਤਾਵਾਂ, ਕਿੱਤੇ ਸੰਬੰਧੀ ਰੁਚੀਆਂ ਤੇ ਇੱਛਾਵਾਂ, ਬੀਤ ਚੁੱਕੇ ਸਮੇਂ ਵਿਚ ਕੀਤਾ ਕੰਮ ਕੀ ਨੌਕਰੀ ਤੋਂ ਸੰਤੁਸ਼ਟ ਹੈ ਜਾਂ ਨਹੀਂ, ਅਸੰਤੁਸ਼ਟੀ ਦਾ ਕਾਰਨ, ਮਾਲਕ ਨਾਲ ਵਰਤਾਉ ਆਦਿ।

**(v) ਸਮਾਜਿਕ ਵਿਕਾਸ ਦਾ ਵੇਰਵਾ (Details of Social Development) :**

ਵਿਅਕਤੀ ਦੇ ਗੁਆਂਢੀਆਂ, ਦੋਸਤਾਂ, ਅਧਿਆਪਕਾਂ ਤੇ ਖੇਡ ਦੇ ਸਾਥੀਆਂ ਆਦਿ ਨਾਲ ਸੰਬੰਧ। ਇਸ ਤੋਂ ਬਿਨਾਂ ਘਰ ਵਿਚ ਮਾਪਿਆਂ, ਭੈਣ-ਭਰਾਵਾਂ ਤੇ ਹੋਰ ਸਕੇ ਰਿਸ਼ਤੇਦਾਰਾਂ ਨਾਲ ਸੰਬੰਧ।

**(vi) ਮਾਨਸਿਕ ਯੋਗਤਾਵਾਂ ਦਾ ਵੇਰਵਾ (Details Concerning Mental Abilities) :**

ਵਿਅਕਤੀ ਦੀ ਬੌਧਿਕਤਾ, ਰੁਝਾਨ ਤੇ ਹੋਰ ਮਾਨਸਿਕ ਯੋਗਤਾਵਾਂ ਨਾਲ ਸੰਬੰਧਿਤ ਤੱਥ ਇਸ ਉਦੇਸ਼ ਲਈ ਨਿਸ਼ਚਿਤ ਹੋਰ ਪ੍ਰੀਖਿਆਵਾਂ ਨਾਲ ਇਕੱਠੇ ਕੀਤੇ ਜਾਣ।

**(vii) ਸ਼ਖਸੀਅਤ ਸੰਬੰਧੀ ਹੋਰ ਵਿਸ਼ੇਸ਼ਤਾਵਾਂ (Details Concerning other Qualities of Personality) :**

ਕਿਸੇ ਵਿਅਕਤੀ ਦੀ ਭਾਵਨਾਤਮਕ ਪਕਿਆਈ ਰੁੱਚੀਆਂ ਉਦੇਸ਼, ਇੱਛਾਵਾਂ ਤੇ ਆਦਰਸ਼ਾਂ ਨਾਲ ਸੰਬੰਧਤ ਵੇ ਰਵਾ ਇਕੱਠਾ ਕੀਤਾ ਜਾਵੇ।

2. **ਸਮੱਸਿਆ ਦੀ ਤਸ਼ਖੀਸ (Diagnosis of the Problem) :** ਵਿਅਕਤੀ ਬਾਰੇ ਉਚਿਤ ਤੇ ਸਹੀ ਜਾਣਕਾਰੀ ਇਕੱਠੀ ਕਰਨ ਤੋਂ ਮਗਰੋਂ ਸਲਾਹਕਾਰ ਨੂੰ ਜਾਣਕਾਰੀ ਦਾ ਵਿਸ਼ਲੇਸ਼ਣ ਕਰਨ ਅਤੇ ਸਮੱਸਿਆ ਨੂੰ ਹੱਲ ਕਰਨ ਦੇ ਸਾਧਨ ਲੱਭਣੇ ਚਾਹੀਦੇ ਹਨ। ਜਾਣਕਾਰੀ ਦਾ ਵਿਸ਼ਲੇਸ਼ਣ ਹੀ ਸਮੱਸਿਆ ਦੇ ਹੱਲ ਵਾਸਤੇ ਸਾਧਨਾਂ ਦੀ ਖੋਜ ਕਰਨੀ ਸਮੱਸਿਆ ਦਾ ਹੱਲ ਅਖਵਾਉਂਦੀ ਹੈ।

3. **ਸਮੱਸਿਆ ਦਾ ਪੂਰਣ ਅਨੁਮਾਨ (Prognosis of the Problem) :** ਸਮੱਸਿਆ ਦੇ ਪੂਰਣ-ਅਨੁਮਾਨ ਦਾ ਕੰਮ ਉਸ ਹੱਦ ਤੱਕ ਦੀ ਖੋਜ ਕਰਨੀ ਹੈ ਜਿਥੇ ਤੱਕ ਸਲਾਹਕਾਰ ਇਕ ਵਿਅਕਤੀ ਦੀ ਸਮੱਸਿਆ ਦਾ ਹੱਲ ਕਰਨ ਵਿਚ ਸਫਲ ਹੋ ਸਕਦਾ ਹੈ। ਸਲਾਹਕਾਰ ਉਸ ਅਗਵਾਈ ਸਿੱਟੇ ਨੂੰ ਦੇਖ ਸਕਦਾ ਹੈ ਜਿਸ ਦੀ ਵਰਤੋਂ ਉਹ ਵਿਅਕਤੀ ਦੀ ਸਮੱਸਿਆ ਨੂੰ ਹੱਲ ਕਰਨ ਵਿਚ ਚਾਹੁੰਦਾ ਹੈ।

4. **ਇਲਾਜ (Therapy) :** ਹੁਣ ਸਲਾਹਕਾਰ ਦੇ ਕੋਲ ਸਮੱਸਿਆ ਦਾ ਤਸੱਲੀਬਖਸ਼ ਹੱਲ ਆ ਜਾਂਦਾ ਹੈ। ਉਹ ਨਿੱਜੀ ਲਾਭ ਦੁਆਰਾ ਸਮੱਸਿਆ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ। ਇਲਾਜ ਦੀ ਵਰਤੋਂ ਵਿਚ ਲਿਆਇਏ ਜਾਣ ਵਾਲੇ ਹੋਰ ਸਾਧਨਾਂ ਵਿਚ ਇਹ ਤਕਨੀਕਾਂ ਆਉਂਦੀਆਂ ਹਨ :

1. ਸੁਝਾਅ (Suggestions)
2. ਸਥਾਨਪਨ ਕਿਰਿਆਵਾਂ ਦੁਆਰਾ ਸੋਧ (Sublimation through Substitution)
3. ਤਰਕ-ਪੂਰਨ ਪ੍ਰੇਰਨਾ (Rational Persuasion)
4. ਪੁਨਰ ਸਿੱਖਿਆ (Re-education)
5. ਖੇਡ ਦੁਆਰਾ ਇਲਾਜ (Play Therapy)
6. ਵਾਤਾਵਰਣ ਵਿਚ ਪਰਿਵਰਤਨ (Change in the Environment)
7. ਮਨੋਵਿਸ਼ਲੇਸ਼ਣ (Psycho-analysis)
8. ਸਮੂਹਿਕ ਇਲਾਜ (Group Therapy)

9. ਕਿੱਤੇ ਸੰਬੰਧੀ ਇਲਾਜ (Occupational Therapy)
10. ਅਸਿੱਧੇ ਤੌਰ ਤੇ ਇਲਾਜ (Non-directive Therapy)

**5. ਪੈਰਵੀ ਕਾਰਜ (Follow up Action) :** ਅਗਵਾਈ ਕਰਨ ਤੋਂ ਮਗਰੋਂ ਇਹ ਜਾਣਨਾ ਜ਼ਰੂਰੀ ਹੈ ਕਿ ਕਿਸ ਹੱਦ ਤੱਕ ਸਮੱਸਿਆ ਦਾ ਹੱਲ ਹੋਇਆ ਹੈ। ਸੋ ਪੈਰਵੀ ਕਾਰਜ ਲਾਜ਼ਮੀ ਹੈ। ਪੈਰਵੀ ਅਧਿਐਨ (Follow up study) ਦੇ ਬਿਨਾਂ ਵਿਅਕਤੀਗਤ ਅਗਵਾਈ ਅਧੂਰੀ ਰਹਿੰਦੀ ਹੈ। ਪੈਰਵੀ ਅਧਿਐਨ ਵਿਚ ਹੇਠ ਲਿਖੀਆਂ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ :

1. ਕਾਰਡ ਫਾਈਲ ਵਿਧੀ (Card File Method)
2. ਪ੍ਰਸ਼ਨਾਵਲੀ ਵਿਧੀ (Questionnaire Method)
3. ਪੱਤਰ-ਵਿਹਾਰ ਦੁਆਰਾ ਸੰਪਰਕ (Contact through Letters)

## 2.4 ਸਾਰ (Summary)

ਅਗਵਾਈ ਦੀਆਂ ਮੂਲ ਧਾਰਨਾਵਾਂ ਹਨ। ਅਗਵਾਈ ਦੀਆਂ ਕਿਸਮਾਂ ਵੱਖ ਵੱਖ ਲੇਖਕਾਂ ਨੇ ਵੱਖ ਵੱਖ ਦਿੱਤੀਆਂ ਹਨ। ਪਰ ਪ੍ਰਮੁੱਖ ਤਿੰਨ ਕਿਸਮਾਂ ਹੀ ਹਨ : ਵਿਦਿਅਕ, ਕਿੱਤਈ ਅਤੇ ਨਿੱਜੀ ਅਗਵਾਈ। ਬਾਕੀ ਇਹਨਾਂ ਤਿੰਨਾਂ ਦੀਆਂ ਸ਼ਾਖਾਵਾਂ ਕਹੀਆਂ ਜਾ ਸਕਦੀਆਂ ਹਨ। ਨਿੱਜੀ ਅਗਵਾਈ ਦੇ ਅਰਥ, ਉਦੇਸ਼, ਸਮੱਸਿਆਵਾਂ ਅਤੇ ਲੋੜ ਦੀਆਂ ਸਮੱਸਿਆਵਾਂ, ਸਕੂਲ ਦੀ ਸਮੱਸਿਆ, ਬੁਢਾਪੇ ਦੀਆਂ ਸਮੱਸਿਆਵਾਂ, ਲਿੰਗੀ ਸਮੱਸਿਆਵਾਂ ਅਤੇ ਵਿਆਹ ਸੰਬੰਧੀ ਸਮੱਸਿਆਵਾਂ ਆਦਿ। ਨਿੱਜੀ ਅਗਵਾਈ ਕਿਵੇਂ ਦਿੱਤੀ ਜਾ ਸਕਦੀ ਹੈ? ਇਸ ਤਰ੍ਹਾਂ ਕੁਝ ਤੱਥ ਇਕੱਠੇ ਕਰਨੇ ਪੈਂਦੇ ਹਨ ਜਿਵੇਂ ਕਿ (1) ਸਰੀਰਕ ਵੇਰਵਾ, ਪਰਿਵਾਰਕ ਵੇਰਵਾ, ਆਦਿ (2) ਸਮੱਸਿਆ ਦਾ ਤਸ਼ਖੀਸ (3) ਸਮੱਸਿਆ ਦਾ ਪੈਰਵੀ ਕਾਰਜ (4) ਇਲਾਜ ਆਦਿਕ ਹਨ।

## 2.5 ਸੁਝਾਏ ਪ੍ਰਸ਼ਨ (Suggested Questions)

1. ਨਿੱਜੀ ਅਗਵਾਈ ਦੇ ਕੀ ਅਰਥ ਹਨ? ਨਿੱਜੀ ਅਗਵਾਈ ਦੀ ਲੋੜ ਦੀ ਵਿਆਖਿਆ ਕਰੋ।
2. ''ਨਿੱਜੀ ਅਗਵਾਈ ਵਿਦਿਅਕ ਅਗਵਾਈ ਤੋਂ ਘੱਟ ਨਹੀਂ'' ਵਿਚਾਰ ਕਰੋ।
3. ਵਿਦਿਅਕ ਅਗਵਾਈ ਕਿੱਤਈ ਅਗਵਾਈ ਨਾਲੋਂ ਕਿਵੇਂ ਭਿੰਨ ਹੈ? ਵਿਦਿਅਕ ਅਗਵਾਈ ਦੀ ਲੋੜ ਦੇ ਆਧਾਰ ਪੇਸ਼ ਕਰੋ।
4. ਕਿੱਤਈ ਅਗਵਾਈ ਦੇ ਮਨੋਰਥਾਂ ਦਾ ਵਰਨਣ ਆਪਣੇ ਸ਼ਬਦਾਂ ਵਿਚ ਕਰੋ।

## 2.6 ਸੁਝਾਈਆਂ ਪੁਸਤਕਾਂ (Suggested Readings)


| | | | |
|---|---|---|---|
| 1. | S.K. Kochhar | : | Educational and Vocational Guidance in Secondary School. |
| 2. | Sitaram Jayaswal | : | Guidance and Counselling |
| 3. | T.S. Sodhi and Harinder Sodhi | : | Guidance and Counselling |
| 4. | Meenakshi Sharma | : | Educational and Vocational Guidance (Punjabi) |
| 5. | R.P. Goyal | : | Educational and Vocational Guidance |
| 6. | Shertzer and Stone | : | Fundamentals of Guidance |

ਪਾਠ ਨੰ. : **1.3**                ਲੇਖਕ : ਪਰਮਜੀਤ ਕੌਰ ਸੰਧੂ

ਢਾਂਚਾ

3. ਟੈਸਟਿੰਗ ਤਕਨੀਕਾਂ
3.1 ਮਨੋਵਿਗਿਆਨਕ ਟੈਸਟਾਂ ਦੇ ਅਰਥ
3.1.1 ਮਨੋਵਿਗਿਆਨਕ ਟੈਸਟਾਂ ਦੀ ਮਾਰਗਟਰਮਨ ਦੇ ਵੱਖ ਵੱਖ ਖੇਤਰਾਂ ਵਿਚ ਲੋੜ
3.1.2 ਸਲਾਹਕਾਰਾਂ ਲਈ ਮਨੋਵਿਗਿਆਨਕ ਟੈਸਟਾਂ ਦੀ ਵਰਤੋਂ
3.1.3 ਮਨੋਵਿਗਿਆਨਕ ਟੈਸਟਾਂ ਦੀਆਂ ਸੀਮਾਂਵਾਂ
3.1.4 ਮਨੋਵਿਗਿਆਨਕ ਟੈਸਟਾਂ ਦੀ ਵਰਤੋਂ
3.2 ਬੁੱਧੀ ਯੋਗਤਾ
3.2.1 ਅਗਵਾਈ ਦੇਣ ਲਈ ਵਿਅਕਤੀ ਦੀ ਸਮਝਣ ਲਈ ਵਰਤੇ ਜਾਣ ਵਾਲੇ ਬੁੱਧੀ ਟੈਸਟਾਂ ਦੇ ਲਾਭ
3.2.2 ਵਿਅਕਤੀ ਦੇ ਸਮੂਹ ਟੈਸਟ ਅੰਤਰ
3.2.3 ਕਿੱਤਈ ਅਗਵਾਈ ਲਈ ਬੁੱਧੀ ਟੈਸਟ ਦਾ ਭਾਗ
3.3 ਰੁਝਾਨ ਦਾ ਅਰਥ ਤੇ ਪਰਿਭਾਸ਼ਾ
3.3.1 ਰੁਝਾਨ ਪ੍ਰੀਖਿਆਵਾਂ ਦੇ ਉਪਯੋਗ
3.4 ਰੁੱਚੀ ਦਾ ਅਰਥ ਤੇ ਪਰਿਭਾਸ਼ਾ
3.4.1 ਅਗਵਾਈ ਦੇ ਕੰਮਾਂ ਲਈ ਰੁਚੀ ਸੂਚੀਆਂ ਦੇ ਉਪਭੋਗ
3.4.2 ਉਣਤਾਈਆਂ
3.4.3 ਸਿੱਟਾ
3.5 ਸੁਝਾਈਆਂ ਪੁਸਤਕਾਂ
3.6 ਸੁਝਾਏ ਪ੍ਰਸ਼ਨ

ਅਗਵਾਈ ਦਾ ਉਦੇਸ਼ ਵਿਅਕਤੀ ਨੂੰ ਜੀਵਨ ਦੇ ਵੱਖ-ਵੱਖ ਪਹਿਲੂਆਂ ਤੋ ਆਏ ਮੌਕਿਆਂ ਨਾਲ ਸਮਾਯੋਜਨ ਕਰਨ ਵਿਚ ਸਹਾਇਤਾ ਕਰਨਾ ਹੈ। ਵਿਅਕਤੀ ਵੱਖ-ਵੱਖ ਹਾਲਤਾਂ ਵਿਚ ਕਿਸ ਤਰ੍ਹਾਂ ਵਿਵਹਾਰ ਕਰਦਾ ਹੈ ਇਹ ਉਸ ਨੂੰ ਸਮਝਣ ਵਿਚ ਸਹਾਇਕ ਹੁੰਦਾ ਹੈ, ਇਹ ਸਮਝ ਉਸਦੇ ਵਿਦਿਅਕ ਸੰਸਥਾਵਾਂ, ਘਰੇਲੂ ਵਾਤਾਵਰਣ ਅਤੇ ਸਮੁਦਾਇ ਵਿਚ ਵਿਚਰਨ ਦੇ ਨਿਰੀਖਣ ਦੁਆਰਾ ਪ੍ਰਾਪਤ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦੀ ਅਗਵਾਈ ਦੀ ਜ਼ਰੂਰਤ ਹੁੰਦੀ ਹੈ ਜਿਵੇਂ ਸਿੱਖਿਆ ਵੀ ਵਿਅਕਤੀ ਦੀ ਜਿੰਦਗੀ ਦਾ ਪ੍ਰਮੁੱਖ ਅਗਵਾਈ ਖੇਤਰ ਹੈ। ਕਿਸੇ ਵਿਅਕਤੀ ਨੂੰ ਸੁਚੱਜੀ ਅਤੇ ਨਿਯਮਬੱਧ ਅਗਵਾਈ ਦੇਣ ਲਈ ਇਹਨਾਂ ਸਾਰੇ ਖੇਤਰਾਂ ਵਿਚ ਵਿਅਕਤੀ ਨੂੰ ਸਮਝਣ ਦੀ ਜ਼ਰੂਰਤ ਹੁੰਦੀ ਹੈ। ਕਿਸੇ ਵਿਅਕਤੀ ਦੀ ਜ਼ਿੰਦਗੀ ਦੇ ਪ੍ਰਮੁੱਖ ਅਗਵਾਈ ਖੇਤਰ ਹੇਠ ਲਿਖੇ ਹਨ ਜਿਨ੍ਹਾਂ ਵਿਚ ਉਸ ਨੂੰ ਅਗਵਾਈ ਦੇਣ ਦੀ ਜ਼ਰੂਰਤ ਹੈ :

1. ਵਿਦਿਅਕ ਸੰਸਥਾਵਾਂ
2. ਕਿੱਤਈ ਸੰਸਥਾਵਾਂ
3. ਘਰੇਲੂ ਵਾਤਾਵਰਣ
4. ਧਾਰਮਿਕ ਹਾਲਾਤ
5. ਸਰੀਰਕ ਵਿਸ਼ੇਸ਼ਤਾਵਾਂ
6. ਜਿਨਸੀ ਅਗਵਾਈ

## 3. ਟੈਸਟਿੰਗ ਤਕਨੀਕਾਂ (Testing Techniques) :

ਟੈਸਟਿੰਗ ਤਕਨੀਕਾਂ ਵਿਚ ਮਨੋਵਿਗਿਆਨਕ ਟੈਸਟ ਆਉਂਦੇ ਹਨ। ਮਨੋਵਿਗਿਆਨਕ ਟੈਸਟ ਉਹ ਹੁੰਦੇ ਹਨ ਜਿਨ੍ਹਾਂ ਰਾਹੀਂ ਵਿਅਕਤੀ ਦੀ ਬੁੱਧੀ, ਸ਼ਖਸੀਅਤ, ਰੁਚੀਆਂ, ਰੁਝਾਨ ਦਾ ਪਤਾ ਲਗਦਾ ਹੈ। ਇਹਨਾਂ ਟੈਸਟਾਂ ਦੀਆਂ ਅੱਗੋਂ ਵੱਖ

ਵੱਖ ਕਿਸਮਾਂ ਹਨ। ਇਹਨਾਂ ਟੈਸਟਾਂ ਦੀ ਵਰਤੋਂ ਕਰਨ ਲੱਗਿਆਂ ਕਈ ਤਰ੍ਹਾਂ ਦੀਆਂ ਰੁਕਾਵਟਾਂ ਆਉਂਦੀਆਂ ਹਨ। ਬਹੁਤੇ ਟੈਸਟ ਭਾਰਤੀ ਲੋੜਾਂ ਅਤੇ ਸਥਿਤੀਆਂ ਅਨੁਕੂਲ ਨਹੀਂ ਹਨ। ਇਹਨਾਂ ਦੀ ਭਾਰਤੀ ਸਥਿਤੀਆਂ ਅਨੁਸਾਰ ਅਨੁਕੂਲਤਾ ਨਾ ਹੋਣਾ ਅਗਵਾਈ ਲਈ ਵਿਅਕਤੀ ਨੂੰ ਸਮਝਣ ਲਈ ਵੱਡੀ ਰੁਕਾਵਟ ਹੈ। ਭਾਵੇਂ ਕੁਝ ਟੈਸਟ ਭਾਰਤੀ ਮਨੋਵਿਗਿਆਨੀਆਂ ਦੁਆਰਾ ਭਾਰਤੀ ਸਥਿਤੀਆਂ ਅਨੁਸਾਰ ਤਿਆਰ ਕੀਤੇ ਗਏ ਪਰ ਫਿਰ ਵੀ ਅਜੇ ਇਹਨਾਂ ਦੀ ਕਮੀ ਹੈ।

### 3.1 ਮਨੋਵਿਗਿਆਨਕ ਟੈਸਟਾਂ ਦੇ ਅਰਥ (Meaning of Psychological Tests) :

ਵਿਅਕਤੀ ਨੂੰ ਸਮਝਣ ਲਈ ਮਨੋਵਿਗਿਆਨਕ ਟੈਸਟਾਂ ਦੀ ਅਗਵਾਈ ਦੇ ਖੇਤਰ ਵਿਚ ਮਹੱਤਵਪੂਰਨ ਥਾਂ ਹੈ। ਇਹਨਾਂ ਟੈਸਟਾਂ ਤੋਂ ਬਿਨਾਂ ਨਿਯਮਬੱਧ ਅਗਵਾਈ ਦਿੱਤੀ ਹੀ ਨਹੀਂ ਜਾ ਸਕਦੀ ਹੈ। ਫਰੀਮੈਨ ਅਨੁਸਾਰ ''ਇਕ ਮਨੋਵਿਗਿਆਨੀ ਟੈਸਟ ਇਕ ਮਿਆਰ-ਕ੍ਰਿਤ ਔਜ਼ਾਰ ਨਮੂਨਾ ਹੈ ਜੋ ਨਿਰਪੇਖ ਦ੍ਰਿਸ਼ਟੀ ਤੋਂ ਇਕ ਜਾਂ ਇਕ ਤੋਂ ਜ਼ਿਆਦਾ ਪੱਖ ਸੰਪੂਰਨ ਸ਼ਖਸੀਅਤ ਨੂੰ ਨਮੂਨੇ ਦੇ ਤੌਰ ਤੇ ਸ਼ਾਬਦਿਕ ਜਾਂ ਗੈਰ-ਸ਼ਾਬਦਿਕ ਹੁੰਗਾਰੇ ਜਾਂ ਦੂਜੇ ਹੋਰ ਵਿਵਹਾਰ ਨੂੰ ਮਾਪਣ ਲਈ ਹੁੰਦੇ ਹਨ।'' ('A psychological test is a standardised instrument to measure objectively one or more aspects of verbal or non-verbal response or by means of other behaviour'.)

### 3.1.1 ਮਨੋਵਿਗਿਆਨਿਕ ਟੈਸਟਾਂ ਦੀ ਮਾਰਗਦਰਸ਼ਨ ਦੇ ਵੱਖ ਵੱਖ ਖੇਤਰਾਂ ਵਿਚ ਲੋੜ (Need of Psychological Tests in Different Areas of Guidance) :

ਮਨੁੱਖ ਦਿਨੋ ਦਿਨ ਗੁੰਝਲਦਾਰ ਸ਼ਖਸੀਅਤ ਬਣ ਰਿਹਾ ਹੈ। ਇਸ ਵਿਚ ਦੋ ਭਿੰਨਤਾਵਾਂ ਹਨ ਜਿਵੇਂ ਕਿ ਵਿਅਕਤੀਆਂ ਵਿਚ ਵਖਰੇਵੇਂ ਅਤੇ ਵੱਖ ਵੱਖ ਮੌਕਿਆਂ ਵਿਚ ਵਖਰੇਵੇਂ ਹਨ। ਕੋਈ ਵੀ ਦੋ ਵਿਅਕਤੀ ਇਕਸਾਰ ਨਹੀਂ ਹੁੰਦੇ। ਇਸ ਵੱਖਰੇ ਵੱਖਰੇ ਵਿਅਕਤੀਆਂ ਦੀਆਂ ਸਿੱਖਿਆ ਸੰਬੰਧੀ ਅਗਵਾਈ, ਕਿੱਤਈ ਸੰਬੰਧੀ ਅਗਵਾਈ ਅਤੇ ਸਮਾਜਿਕ ਜੀਵਨ ਦੇ ਹੋਰ ਪੱਖਾਂ ਸੰਬੰਧੀ ਲੋੜਾਂ ਵੀ ਵੱਖੋ ਵੱਖਰੀਆਂ ਹਨ। ਅਸਲ ਵਿਚ ਵਿਅਕਤੀ ਨੂੰ ਸਮਝ ਕੇ ਕਿੱਤੇ ਨਾਲ ਜੋੜਨਾ ਬੜੀ ਵੱਡੀ ਸਮੱਸਿਆ ਹੈ। ਸੰਸਾਰ ਦੇ ਸਾਰੇ ਦੇਸ਼ਾਂ ਵਿਚ ਇਸ ਸਮੱਸਿਆ ਨੂੰ ਸਮਝਣ ਤੇ ਹੱਲ ਕਰਨ ਲਈ ਜਾਂ ਮਾਪਣ ਲਈ ਅਧਿਆਪਕਾਂ, ਸਲਾਹਕਾਰਾਂ, ਡਾਕਟਰਾਂ, ਮਨੋਵਿਗਿਆਨੀਆਂ ਅਤੇ ਪ੍ਰਬੰਧਕਾਂ ਦੁਆਰਾ ਮਨੋਵਿਗਿਆਨਿਕ ਟੈਸਟਾਂ ਦੀ ਵਰਤੋਂ ਕੀਤੀ ਜਾਂਦੀ ਹੈ। ਮਨੋਵਿਗਿਆਨਿਕ ਟੈਸਟ ਦੀ ਜ਼ਰੂਰਤ ਹੇਠ ਲਿਖੇ ਅਨੁਸਾਰ ਹੈ :

1. ਵਿਦਿਆਰਥੀ ਜਦੋਂ ਫੈਸਲੇ ਕਰਦੇ ਹਨ ਅਤੇ ਵਿਸ਼ਿਆਂ ਦੀ ਚੋਣ ਕਰਦੇ ਹਨ ਤਾਂ ਮਨੋਵਿਗਿਆਨਿਕ ਟੈਸਟਾਂ ਦੁਆਰਾ ਉਹਨਾਂ ਦੀ ਆਲੋਚਨਾਤਮਕ ਮਦਦ ਕੀਤੀ ਜਾਂਦੀ ਹੈ। ਮਨੋਵਿਗਿਆਨਿਕ ਟੈਸਟ ਵਿਦਿਆਰਥੀਆਂ ਦੀ ਮਦਦ ਕਰਦੇ ਹਨ ਇਹ ਦੱਸਣ ਲਈ ਕਿ ਪੜ੍ਹਾਈ ਜਾਰੀ ਰੱਖ ਸਕਦੇ ਹਨ ਜਾਂ ਨਹੀਂ। ਉਦਾਹਰਣ ਦੇ ਤੌਰ ਤੇ ਟਿੰਕੂ ਦੇ ਮਾਪੇ ਇਹ ਚਾਹੁੰਦੇ ਹਨ ਕਿ ਉਹ ਡਾਕਟਰ ਬਣੇ, ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਉਸ ਨੂੰ ਮਨੋਵਿਗਿਆਨਿਕ ਟੈਸਟ ਦੁਆਰਾ ਟੈਸਟ ਕੀਤਾ ਜਾਵੇ ਜੇਕਰ ਉਹ ਡਾਕਟਰ ਬਣਨ ਦੇ ਯੋਗ ਹੈ ਤਾਂ ਉਸ ਨੂੰ ਅਗਵਾਈ ਡਾਕਟਰ ਬਣਨ ਲਈ ਦਿੱਤੀ ਜਾਣੀ ਚਾਹੀਦੀ ਹੈ ਨਹੀਂ ਤਾਂ ਕਿਸੇ ਹੋਰ ਪੜ੍ਹਾਈ ਵੱਲ ਲਗਾਇਆ ਜਾ ਸਕਦਾ ਹੈ। ਰੁਚੀ ਸੂਚੀ ਦੇ ਅੰਕ ਉਸ ਨੂੰ ਇਸ ਯੋਗ ਬਣਾਉਂਦੇ ਹਨ ਕਿ ਉਸ ਦੀ ਰੁਚੀ ਪੜ੍ਹਨ ਵਿਚ ਜਾਂ ਵਪਾਰ ਧੰਦਾ ਕਰਨ ਵਿਚ ਹੈ। ਇਸ ਤਰ੍ਹਾਂ ਹਰ ਖੇਤਰ ਵਿਚ ਮਨੋਵਿਗਿਆਨਿਕ ਟੈਸਟਾਂ ਦੀ ਲੋੜ ਹੈ ਤਾਂ ਕਿ ਵਿਦਿਆਰਥੀ ਨੂੰ ਠੀਕ ਤਰ੍ਹਾਂ ਸਮਝਾਇਆ ਜਾ ਸਕੇ।

2. ਸਲਾਹ ਲੈਣ ਵਾਲੇ (Counsellee) ਲਈ ਸੰਭਵ ਅਣਛੋਹੇ ਕਈ ਹੋਣਹਾਰ ਮੌਕਿਆਂ ਬਾਰੇ ਸਲਾਹਕਾਰ (Counseller) ਨੂੰ ਮਨੋਵਿਗਿਆਨਿਕ ਟੈਸਟ ਤੋਂ ਪਤਾ ਲੱਗਦਾ ਹੈ। ਅਗਵਾਈ ਲਈ ਇਹ ਕਾਫ਼ੀ ਨਹੀਂ ਕਿ ਕੁਲਦੀਪ ਦਾ ਰੁਝਾਨ ਮੈਡੀਕਲ ਸਟੱਡੀਜ਼ ਵਿਚ ਹੈ। ਜੇਕਰ ਉਸ ਵਿਚ ਮਕੈਨੀਕਲ ਇੰਜੀਨੀਅਰ ਬਣਨ ਦੀ ਸੰਭਾਵਨਾ ਵੀ ਹੈ ਤਾਂ ਕੁਲਦੀਪ ਅਤੇ ਸਲਾਹਕਾਰ ਨੂੰ ਜ਼ਰੂਰਤ ਹੈ ਦੋਹਾਂ ਬਾਰੇ ਜਾਣਨਾ ਅਤੇ ਇਹ ਫ਼ੈਸਲਾ ਸਲਾਹਕਾਰ ਅਤੇ ਸਲਾਹ ਲੈਣ ਵਾਲਾ ਮਨੋਵਿਗਿਆਨਿਕ ਟੈਸਟ ਦੇ ਆਧਾਰ ਤੇ ਵੀ ਕਰ ਸਕਦਾ ਹੈ।

3. ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਕੋਰਸਾਂ ਅਤੇ ਪਾਠ-ਸਹਾਇਕ ਕਿਰਿਆਵਾਂ ਦੀ ਚੋਣ ਸੰਬੰਧੀ ਫੈਸਲਾ ਕਰਨਾ ਹੁੰਦਾ ਹੈ। ਕਈ ਵਾਰ ਇਹ ਚੋਣ ਅਚਾਨਕ ਜਾਂ ਸਥਿਤੀ ਦੇ ਪੱਖੋਂ ਕਰ ਲਈ ਜਾਂਦੀ ਹੈ ਤੇ ਕਈ ਮੁਸ਼ਕਲਾਂ ਆਉਂਦੀਆਂ ਹਨ। ਮਨੋਵਿਗਿਆਨਿਕ ਟੈਸਟ ਠੀਕ ਫੈਸਲੇ ਲਈ ਵਰਤਿਆ ਜਾ ਸਕਦਾ ਹੈ।

4. ਟੈਸਟ ਅਧਿਆਪਕ ਅਧਿਆਪਨ ਨੂੰ ਵਿਦਿਆਰਥੀਆਂ ਦੀਆਂ ਲੋੜਾਂ ਅਨੁਸਾਰ ਅਨੁਕੂਲਣ ਵਿਚ ਮਦਦ ਕਰਦੇ ਹਨ। ਜੇਕਰ ਅਧਿਆਪਕ ਮਨੋਵਿਗਿਆਨਿਕ ਟੈਸਟਾਂ ਦੀ ਸਹਾਇਤਾ ਨਾਲ ਵਿਦਿਆਰਥੀਆਂ ਦੀਆਂ ਰੁਚੀਆਂ ਅਤੇ ਸੰਭਾਵਨਾਵਾਂ ਨੂੰ ਨਿਰਪੱਖ ਦ੍ਰਿਸ਼ਟੀ ਨਾਲ ਮੁਲਾਂਕਣ ਕਰ ਲਵੇ ਤਾਂ ਉਹ ਅਧਿਆਪਨ ਨੂੰ ਉਹਨਾਂ ਦੀਆਂ ਲੋੜਾਂ ਅਨੁਸਾਰ ਅਨੁਕੂਲ ਕਰ ਸਕਦਾ ਹੈ। ਉਹ ਘੱਟ ਪ੍ਰਾਪਤੀ ਅਤੇ ਹੌਲੀ ਸਿੱਖਣ ਵਾਲਿਆਂ ਨੂੰ ਅਲੱਗ ਕਰ ਸਕਦਾ ਹੈ ਅਤੇ ਉਹਨਾਂ ਦੀ ਸਹਾਇਤਾ ਉਹਨਾਂ ਅਨੁਸਾਰ ਕਰ ਸਕਦਾ ਹੈ।

5. ਅਜੋਕੇ ਕਾਲਜ ਵਿਅਕਤੀਗਤ ਪਰਾਮਰਸ਼ ਵਿਦਿਆਰਥੀਆਂ ਨੂੰ ਦਿੰਦੇ ਹਨ ਤਾਂ ਕਿ ਉਹ ਵਿਦਿਅਕ ਅਤੇ ਕਿੱਤਈ ਯੋਜਨਾ ਬਣਾ ਸਕਣ। ਕਈ ਕਾਲਜ ਸਮਾਯੋਜਨ ਵਿਦਿਆਰਥੀਆਂ ਲਈ ਕਲੀਨਿਕਲ ਟੈਸਟ ਪਰਾਮਰਸ਼ ਲਈ ਮਹੱਤਵਪੂਰਨ ਹੀ ਨਹੀਂ ਸਗੋਂ ਜ਼ਰੂਰੀ ਹਨ। ਅਸਮਾਯੋਜਨ ਦੇ ਕਾਰਨਾਂ ਦਾ ਪਤਾ ਟੈਸਟਾਂ ਤੋਂ ਬਿਨਾਂ ਨਹੀਂ ਲਗਾਇਆ ਜਾ ਸਕਦਾ।

6. ਮਨੋਵਿਗਿਆਨਿਕ ਟੈਸਟ ਬਹੁਤ ਪ੍ਰਤਿਭਾਸ਼ਾਲੀ ਅਤੇ ਹੋਣਹਾਰ ਵਿਦਿਆਰਥੀਆਂ ਦੀ ਚੋਣ ਕਰਨ ਵਿਚ ਮਦਦ ਕਰਦੇ ਹਨ।

7. ਮੁੱਢਲੇ ਸਕੂਲ, ਸੈਕੰਡਰੀ ਸਕੂਲ ਅਤੇ ਕਾਲਜ ਪ੍ਰਣਾਲੀਆਂ ਵਿਚ ਇਕਸਾਰ ਗਰੁੱਪ ਨਿਰਧਾਰਿਤ ਕਰਨ ਲਈ ਮਨੋਵਿਗਿਆਨਿਕ ਟੈਸਟਾਂ ਦੀ ਵਰਤੋਂ ਕੀਤੀ ਜਾਂਦੀ ਹੈ।

8. ਵਿਸ਼ੇਸ਼ ਸਕੂਲਾਂ ਲਈ ਵਿਦਿਆਰਥੀਆਂ ਦੀ ਚੋਣ ਅਤੇ ਵਜ਼ੀਫੇ ਦੇਣ ਲਈ ਟੈਸਟਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਮਨੋਵਿਗਿਆਨ ਅਤੇ ਮਿਆਰਕਿਰਤ ਪ੍ਰਾਪਤੀ ਟੈਸਟਾਂ ਦੀ ਸਹਾਇਤਾ ਨਾਲ ਹੀ ਲੱਭਿਆ ਜਾ ਸਕਦਾ ਹੈ।

9. ਸਾਡੇ ਦੇਸ਼ ਵਿਚ, ਨੈਸ਼ਨਲ ਡੀਫ਼ੈਂਸ ਅਕਾਡਮੀ, ਇੰਡੀਅਨ ਮਿਲਟਰੀ ਅਕਾਡਮੀ, ਏਅਰਫੋਰਸ ਅਕਾਡਮੀ ਆਦਿਕ ਵਿਸ਼ੇਸ਼ ਸੰਸਥਾਵਾਂ ਵਿਚ ਵਿਦਿਆਰਥੀਆਂ ਦੇ ਦਾਖਲੇ ਲਈ ਚੋਣ ਕਰਨ ਵਿਚ ਮਨੋਵਿਗਿਆਨਿਕ ਟੈਸਟ ਸਹਾਇਤਾ ਕਰਦੇ ਹਨ।

10. ਵੱਖ-ਵੱਖ ਅਗਵਾਈ ਸੇਵਾਵਾਂ ਦੀਆਂ ਸ਼ਾਖਾਵਾਂ ਲਈ ਅਗਵਾਈ ਕਰਮਚਾਰੀਆਂ ਦੀ ਵੰਡ ਲਈ ਵੀ ਟੈਸਟ ਮਦਦ ਕਰਦੇ ਹਨ।

11. ਮਨੋਵਿਗਿਆਨਿਕ ਟੈਸਟਾਂ ਦੀ ਸਹਾਇਤਾ ਨਾਲ ਵਿਦਿਆਰਥੀਆਂ ਦੀਆਂ ਵਿਦਿਅਕ ਅਤੇ ਵਿਵਹਾਰਿਕ ਸਮੱਸਿਆਵਾਂ ਨੂੰ ਸੁਲਝਾਇਆ ਜਾ ਸਕਦਾ ਹੈ।

12. ਵਿਦਿਆਰਥੀਆਂ ਦੀ ਮਨੋਵਿਗਿਆਨਿਕ ਤਸ਼ਖੀਸ (diagnosis) ਵੀ ਟੈਸਟਾਂ ਦੁਆਰਾ ਕੀਤੀ ਜਾਂਦੀ ਹੈ। ਕਿਸੇ ਵੀ ਕਾਲਜ ਜਾਂ ਸਕੂਲ ਵਿਚ ਬਹੁਤ ਸਾਰੇ ਵਿਦਿਆਰਥੀਆਂ ਨੂੰ ਭਾਵਾਤਮਕ ਸਮੱਸਿਆਵਾਂ ਹੁੰਦੀਆਂ ਹਨ ਜਿਹੜੀਆਂ ਉਹਨਾਂ ਦੀ ਸਿੱਖਣ ਯੋਗਤਾ ਤੇ ਪ੍ਰਭਾਵ ਪਾਉਂਦੀਆਂ ਹਨ।

13. ਮਨੋ-ਚਿਕਿਤਸਕ ਸਮੱਸਿਆਵਾਂ ਦੇ ਲਈ ਟੈਸਟ ਮਦਦ ਕਰਦੇ ਹਨ। ਜਦੋਂ ਰੋਗੀ ਦਿਮਾਗ ਹਸਪਤਾਲ ਜਾਂ ਕਲੀਨਿਕ ਆਉਂਦੇ ਹਨ ਤਾਂ ਇਹ ਜ਼ਰੂਰੀ ਹੈ ਕਿ ਇਹ ਵਿਅਕਤੀ ਕਿਸ ਤਰ੍ਹਾਂ ਹੈ ਅਤੇ ਇਲਾਜ ਸੰਬੰਧੀ ਰਵੱਈਆ ਕੀ ਹੈ। ਮਨੋ-ਵਿਗਿਆਨਿਕ ਟੈਸਟ ਇਹ ਨਿਰਣਾਕਾਰੀ ਫ਼ੈਸਲਾ ਲਈ ਮਦਦਗਾਰ ਹੋ ਸਕਦੇ ਹਨ।

14. ਧਿਆਨ ਨਾਲ ਤਿਆਰ ਕੀਤਾ ਟੈਸਟ ਰੁਚੀਆਂ, ਰੁਝਾਨਾਂ, ਯੋਗਤਾਵਾਂ, ਦ੍ਰਿਸ਼ਟੀਕੋਣ ਅਤੇ ਸ਼ਖਸੀਅਤ ਬਾਰੇ ਚੰਗਾ ਮਾਪਣ ਪ੍ਰਦਾਨ ਕਰ ਸਕਦਾ ਹੈ। ਇਹ ਬਹੁਤ ਸਾਰੀਆਂ ਸਥਿਤੀਆਂ ਅਤੇ ਕਿੱਤੇ ਪਰਿਕਲਪਨਾ, ਚੋਣ ਅਤੇ ਵੰਡ ਕਰਨ ਲਈ ਮਦਦ ਕਰਦਾ ਹੈ।

### 3.1.2 ਸਲਾਹਕਾਰਾਂ ਲਈ ਮਨੋਵਿਗਿਆਨਿਕ ਟੈਸਟਾਂ ਦੀ ਵਰਤੋਂ(Uses of Psychological Tests for Counsellors) :

ਮਨੋਵਿਗਿਆਨਿਕ ਟੈਸਟਾਂ ਦੀ ਵਰਤੋਂ ਪਰਾਮਰਸ਼ਦਾਤਾ ਕਰਦੇ ਹਨ :

1. ਸਲਾਹ ਅਤੇ ਅਗਵਾਈ ਦੇਣ ਲਈ ਸੁਰੱਖਿਅਤ, ਠੀਕ ਅਤੇ ਭਰੋਸੇਯੋਗ ਜਾਣਕਾਰੀ ਹਰੇਕ ਵਿਦਿਆਰਥੀ ਦੀ ਯੋਗਤਾ, ਰੁਚੀਆਂ ਅਤੇ ਸਮਾਯੋਜਨ ਸਮੱਸਿਆਵਾਂ ਨੂੰ ਤਰਤੀਬਵਾਰ ਕਰਨਾ ਹੈ। ਹਰੇਕ

ਵਿਦਿਆਰਥੀ ਦੀ ਸ਼ਕਤੀ ਅਤੇ ਕਮਜ਼ੋਰੀਆਂ ਨੂੰ ਸਮਝਣ ਲਈ ਸਲਾਹਕਾਰ ਸਲਾਹ ਲੈਣ ਵਾਲੇ ਦੀ ਮਦਦ ਕਰਨ ਲਈ ਵਰਤ ਸਕਦਾ ਹੈ।

2. ਟੈਸਟ ਨਤੀਜਿਆਂ ਦੀ ਅਗਲੇਰੀ ਪ੍ਰਤੀਸ਼ਠਾ (Performance) ਕਿਰਿਆਵਾਂ ਵਿਚ ਸਫ਼ਲਤਾ ਸੰਭਾਵਨਾਵਾਂ ਦਾ ਵਿਕਾਸ ਅਗਾਉ ਪਰਿਕਲਪਨਾ ਦੇ ਆਧਾਰ ਤੇ ਭਵਿੱਖ ਪ੍ਰਤੀਸ਼ਠਾ ਨੂੰ ਮਾਪਿਆ ਜਾ ਸਕਦਾ ਹੈ।

3. ਵਿਦਿਆਰਥੀਆਂ ਨੂੰ ਵਿਦਿਅਕ ਅਤੇ ਕਿੱਤਈ ਭਵਿੱਖ ਬਾਰੇ ਆਪਣੇ ਫੈਸਲੇ ਤੱਕ ਪਹੁੰਚਾਣ ਵਿਚ ਮਦਦ ਕਰਨਾ ਹੈ।

4. ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਤਸ਼ਖੀਸ ਕਰਨਾ ਜਿਵੇਂ ਸਮਾਜਿਕ ਸਾਮਯੋਜਨ ਵਾਧਾ ਅਤੇ ਵਿਕਾਸ ਜਾਂ ਅਕਾਦਮਿਕ ਕਮਜ਼ੋਰੀਆਂ ਅਤੇ ਇਨ੍ਹਾਂ ਦੇ ਸੁਧਾਰ ਲਈ ਯੋਜਨਾ ਨਿਰਧਾਰਿਤ ਕਰਨਾ ਅਤੇ ਉਹਨਾਂ ਨੂੰ ਅਗਵਾਈ ਅਤੇ ਸਲਾਹ ਨਤੀਜੇ ਦੇ ਮੁਲਾਂਕਣ ਅਤੇ ਇਲਾਜ ਲਈ ਅਗਲੇਰੀ ਯੋਜਨਾ ਤਿਆਰ ਕਰਨ ਵਿਚ ਮਦਦ ਕਰਦੇ ਹਨ।

### 3.1.3 ਮਨੋਵਿਗਿਆਨਿਕ ਟੈਸਟਾਂ ਦੀਆਂ ਸੀਮਾਵਾਂ (Limitations of Psychological Tests) :

1. ਮਨੁੱਖੀ ਵਤੀਰਾ ਹਮੇਸ਼ਾ ਰਹੱਸਮਈ ਹੁੰਦਾ ਹੈ ਅਤੇ ਮਨੋਵਿਗਿਆਨਿਕ ਦਬਾਉ ਪ੍ਰੇਰਨਾ ਜਾਂ ਟੈਸਟ ਸਥਿਤੀਆਂ ਨਾਲ ਸੰਬੰਧਿਤ ਵਿਅਕਤੀ ਹੋ ਸਕਦਾ ਹੈ, ਹਮੇਸ਼ਾਂ ਹੱਥ ਨਾ ਆਉਣ ਵਾਲਾ ਹੋਵੇ ਅਤੇ ਮੁਲਾਂਕਣ ਕਰਨ ਵਿਚ ਮੁਸ਼ਕਲ ਹੋਵੇ।

2. ਮਨੋਵਿਗਿਆਨਿਕ ਟੈਸਟਾਂ ਦਾ ਗਿਣਨਾਤਮਿਕ ਡੈਟਾ ਇੰਨਾ ਪੱਕਾ, ਘੱਟ ਅਤੇ ਇਕੋ ਜਿਹਾ ਨਹੀਂ ਹੁੰਦਾ ਜਿੰਨਾ ਕਿ ਸਰੀਰਕ ਮਿਣਤੀਆਂ ਦਾ ਹੁੰਦਾ ਹੈ। ਟੈਸਟ ਦੇ ਨਤੀਜਿਆਂ ਦੀ ਵਿਆਖਿਆ ਕਰਨੀ ਵੀ ਬਹੁਤ ਮੁਸ਼ਕਲ ਹੈ।

3. ਇਹ ਸੰਭਵ ਨਹੀਂ ਕਿ ਮਨੋਵਿਗਿਆਨਿਕ ਟੈਸਟ ਦੀ ਕਿਸੇ ਆਈਟਮ (Item) ਦੀ ਜਮਾਂਦਰੂ ਮੁਸ਼ਕਲ ਨੂੰ ਮਿਆਦ ਵਿਚ ਪੱਕੇ ਭਾਗ ਨੂੰ ਨਿਰਧਾਰਿਤ ਕੀਤਾ ਜਾਵੇ ਅਤੇ ਲੰਬਾਈ ਅਤੇ ਭਾਰ ਦਾ ਨਤੀਜਾ ਸੰਭਵ ਹੈ। ਮਨੋਵਿਗਿਆਨਿਕ ਟੈਸਟਾਂ ਦੁਆਰਾ ਇਹ ਸੰਭਵ ਨਹੀਂ ਕਿ ਸਿੱਧਾ ਮਾਪ ਅਤੇ ਤੁਲਨਾ ਕੀਤੀ ਜਾ ਸਕੇ।

4. ਕਈ ਵਾਰ ਯੋਗਤਾ ਮਿਣਤੀ ਵੀ ਹਾਨੀਕਾਰਕ ਸਾਬਿਤ ਹੋ ਸਕਦੀ ਹੈ। ਮਨੋਵਿਗਿਆਨਿਕ ਟੈਸਟਾਂ ਦੇ ਆਧਾਰ ਚੰਗੇ ਔਸਤਨ ਅਤੇ ਖਾਸ ਕਰਕੇ ਬਹੁਤ ਹੀ ਮਾੜੇ ਜਾਂ ਘਟੀਆ ਵਿਦਿਆਰਥੀ ਸਕੂਲ ਜਾਂ ਕਾਲਜ ਵਿਚ ਭੇਜੇ ਜਾਂਦੇ ਹਨ।

5. ਮਨੋਵਿਗਿਆਨਿਕ ਟੈਸਟਾਂ ਦਾ ਸਭਿਆਚਾਰਕ ਪਿਛੋਕੜ ਇਕ ਵਿਸ਼ੇਸ਼ ਕਲਾਸ ਤੋਂ ਪ੍ਰਭਾਵਿਤ ਹੁੰਦਾ ਹੈ। ਸੋ ਸਾਰੇ ਵਿਦਿਆਰਥੀਆਂ ਦੀ ਯੋਗਤਾ ਅਤੇ ਪ੍ਰਾਪਤੀ ਮਾਪਣ ਲਈ ਪ੍ਰਮਾਣਿਕ ਅਤੇ ਭਰੋਸੇਯੋਗ ਟੈਸਟ ਵਰਤੇ ਜਾਣੇ ਚਾਹੀਦੇ ਹਨ।

6. ਟੈਸਟ ਵਿਦਿਆਰਥੀ ਦੀ ਸ਼ਕਤੀ ਬਾਰੇ ਅਪੂਰਨ ਵਿਚਾਰ ਦਿੰਦੇ ਹਨ। ਬਹੁਤ ਸਾਰੇ ਮਨੋਵਿਗਿਆਨੀਆਂ ਦਾ ਵਿਚਾਰ ਹੈ ਕਿ ਟੈਸਟ ਯੋਗਤਾ ਪ੍ਰਾਪਤੀ ਅਤੇ ਸ਼ਖਸੀਅਤ ਦੀ ਸੀਮਤ ਧਾਰਨਾ ਨੂੰ ਸ਼ਹਿ ਦਿੰਦੇ ਹਨ। ਉਹ ਮਹਿਸੂਸ ਕਰਦੇ ਹਨ ਕਿ ਟੈਸਟ ਜ਼ਿਆਦਾ ਸ਼ਾਬਦਿਕ ਅਤੇ ਗਿਣਨਾਤਮਿਕ ਨਿਪੁੰਨਤਾ ਦੇ ਆਧਾਰ ਤੇ ਹੋਣੇ ਚਾਹੀਦੇ ਹਨ ਨਾ ਕਿ ਸਾਡੇ ਸਮਾਜ ਦੀਆਂ ਜ਼ਰੂਰਤਾਂ ਦੀ ਪ੍ਰਾਪਤੀ ਦੇ ਘੇਰੇ ਵਿਚ ਆਉਣ।

### 3.1.4 ਮਨੋਵਿਗਿਆਨਿਕ ਟੈਸਟਾਂ ਦੀ ਵਰਤੋਂ (Uses of Psychological Tests) :

ਮਨੋਵਿਗਿਆਨਿਕ ਟੈਸਟਾਂ ਦੀ ਲਾਭਦਾਇਕਤਾ ਉਹਨਾਂ ਦੇ ਸਹੀ ਲਾਗੂ ਕਰਨ ਤੇ ਨਿਰਭਰ ਕਰਦੀ ਹੈ ਜਿਹੜਾ ਕਿ ਠੀਕ ਚੋਣ, ਧਿਆਨਪੂਰਵਕ ਪ੍ਰਸ਼ਾਸਨ, ਉਦੇਸ਼ਪੂਰਨ ਸਕੋਰਿੰਗ, ਠੀਕ ਵਿਆਖਿਆ।

### 1. ਟੈਸਟਾਂ ਦੀ ਚੋਣ (Selection of Tests) :

ਮਨੋਵਿਗਿਆਨਿਕ ਟੈਸਟਾਂ ਦੀ ਚੋਣ ਕਰਨ ਲਈ ਬਹੁਤ ਧਿਆਨ ਦੀ ਜ਼ਰੂਰਤ ਹੈ। ਟੈਸਟ ਉਹ ਚੁਣਨਾ ਚਾਹੀਦਾ ਹੈ ਜਿਹੜਾ ਉਦੇਸ਼ਾਂ ਦੀ ਪ੍ਰਾਪਤੀ ਵਿਚ ਮਦਦ ਕਰੇ ਅਤੇ ਵਿਦਿਆਰਥੀ ਦੇ ਪੱਧਰ ਅਨੁਸਾਰ ਢੁੱਕਵਾਂ ਹੋਵ। ਇਹ ਪ੍ਰਮਾਣਿਕ, ਭਰੋਸੇਯੋਗ, ਮਿਆਰੀਕ੍ਰਿਤ ਅਤੇ ਠੀਕ ਮਾਪ ਦੰਡ ਹੋਣ। ਇਹ ਸਾਦੇ, ਕਿਫ਼ਾਇਤੀ ਅਤੇ ਦਿਲਚਸਪ ਹੋਣੇ ਚਾਹੀਦੇ ਹਨ। ਟੈਸਟਾਂ ਦੀ ਸਕੋਰਿੰਗ ਅਤੇ ਵਿਆਖਿਆ ਸਾਦੀ ਅਤੇ ਸੌਖੀ ਹੋਣੀ ਚਾਹੀਦੀ ਹੈ।

### 2. ਟੈਸਟਾਂ ਦਾ ਪ੍ਰਸ਼ਾਸਨ (Administration of Tests) :

ਟੈਸਟਾਂ ਦੇ ਨਤੀਜੇ ਦੀ ਵਰਤੋਂ ਵਿਦਿਆਰਥੀਆਂ ਦੇ ਕੈਰੀਅਰ, ਸਾਰੀ ਉਮਰ ਪ੍ਰਭਾਵ ਦੀ ਉਮੀਦ ਪ੍ਰਸ਼ਾਸਨ ਅਤੇ ਸਲਾਹਕਾਰ ਕਰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਚੰਗੇ ਟੈਸਟ ਦਾ ਪ੍ਰਸ਼ਾਸਨ ਵੀ ਵਿਦਿਆਰਥੀਆਂ ਨਾਲ ਇਨਸਾਫ਼ ਕਰਦਾ ਹੈ।

## 3.2 ਬੁੱਧੀ ਯੋਗਤਾ (Intelligence Testing) :

ਟੈਸਟ ਨਿਰਮਾਣ ਦਾ ਕੰਮ ਐਲਫਰੈਡ ਬਿਨੇ (Alford Binet) ਦੁਆਰਾ ਬਣਾਏ ਮਾਪਣ ਦੇ ਇਕ ਯੰਤਰ ਦੀ ਕਾਢ ਦੀ ਕੋਸ਼ਿਸ਼ ਸਦਕਾ ਸ਼ੁਰੂ ਹੋਇਆ ਜਿਹੜਾ ਕਿ ਫਰਾਂਸ ਦੇ ਸਕੂਲਾਂ ਦੇ ਕਮਜ਼ੋਰ ਬੁੱਧੀ ਵਾਲੇ ਬੱਚਿਆਂ ਦੇ ਪ੍ਰੀਖਣ ਲਈ ਵਰਤਿਆ ਜਾ ਸਕਦਾ ਹੈ। ਸਾਈਮਨ (Simon) ਦੀ ਮਦਦ ਨਾਲ ਬਿਨੈ ਨੇ ਸੰਨ 1905 ਵਿਚ ਇਕ ਸਕੇਲ (Scale) ਤਿਆਰ ਕੀਤਾ ਜਿਸ ਵਿਚ ਮੁਸ਼ਕਿਲ ਦੇ ਵਧਦੇ ਕ੍ਰਮ ਵਿਚ ਕੁਲ 30 ਪ੍ਰਸ਼ਨ ਸ਼ਾਮਿਲ ਸਨ। ਇਸ ਸਕੇਲ ਨੂੰ 1905 ਦਾ ਬਿਨੈ ਸਾਈਮਨ ਸਕੇਲ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ : ਇਸ ਨੂੰ 1908, 1911 ਅਤੇ 1916 ਵਿਚ ਸੋਧਿਆ ਗਿਆ। ਇਹ ਕ੍ਰਿਆਤਮਕ ਵਿਅਕਤਿਕ ਟੈਸਟ ਹੈ ਅਤੇ ਇਸ ਦੇ ਸਕੋਰਾਂ ਨੂੰ ਮਾਨਸਿਕ ਉਮਰ ਦੇ ਸ਼ਬਦਾਂ ਵਿਚ ਦਰਸਾਇਆ ਗਿਆ।

1937 ਵਿਚ ਮੈਰਿਲ ਟਰਮੈਨ ਨੇ ਇਸ ਟੈਸਟ ਵਿਚ ਸੋਧ ਕੀਤੀ। ਇਸ ਨੂੰ ਅਖੀਰਵਾਰ 1961 ਵਿਚ ਸੋਧਿਆ ਗਿਆ ਅਤੇ ਇਸ ਵਿਚ ਪਰਿਵਰਤਨਸ਼ੀਲ ਬੁੱਧੀ ਅੰਕ ਦਾ ਸੰਕਲਪ ਸ਼ਾਮਿਲ ਕੀਤਾ ਗਿਆ। ਇਸ ਸਕੇਲ ਵਿਚ 129 ਪ੍ਰਸ਼ਨ ਹਨ ਜਿਹੜੇ 2 ਤੋਂ 14 ਸਾਲ ਦੇ ਉਮਰ ਸਮੂਹਾਂ ਤੋਂ ਬਿਨਾਂ ਚਾਰ ਬਾਲਗ ਪੱਧਰਾਂ ਲਈ ਵੀ ਢੁੱਕਵੀਂ ਹੈ।

ਬਿਨੇ ਸਕੇਲ ਦੇ ਨਿਰਮਾਣ ਨਾਲ ਮਨੋਵਿਗਿਆਨਕ ਪ੍ਰੀਖਣ ਵਿਚ ਇਕ ਕ੍ਰਾਂਤੀ ਆਈ। ਉਸ ਦੇ ਸਕੇਲ ਨੇ ਵਿਦਿਅਕ, ਕਿੱਤਈ ਅਤੇ ਸਮਾਜਿਕ ਸਰੂਪ ਦੇ ਨਵੇਂ ਰਸਤੇ ਦਿਖਾਏ।

**ਵੈਸ਼ਲਰ ਸਕੇਲ, 1939 (The Wechsler Scale, 1939) :**

ਬਾਲਗਾਂ ਦੇ ਬੁੱਧੀ ਟੈਸਟਾਂ ਦੀ ਵੱਧ ਰਹੀ ਵਰਤੋਂ ਕਰਕੇ, ਬਾਲਗਾਂ ਲਈ ਪ੍ਰਮਾਣਿਤ ਅਤੇ ਰਚਨਾਤਮਕ, ਵਿਅਕਤਿਕ ਟੈਸਟਾਂ ਦੀ ਬਹੁਤ ਲੋੜ ਹੈ। ਵੈਸ਼ਲਰ-ਬਿਲੀਵ ਸਕੇਲ (Wechsler Believe Scale) ਇਸੇ ਉਦੇਸ਼ ਨਾਲ 1939 ਵਿਚ ਪ੍ਰਕਾਸ਼ਿਤ ਕੀਤਾ ਗਿਆ। ਸਕੇਲ ਨੂੰ 1955 ਵਿਚ ਫਿਰ ਸੋਧਿਆ ਗਿਆ। ਵੈਸ਼ਲਰ ਨੇ ਦੋ ਟੈਸਟ ਬਣਾਏ, ਹਰੇਕ ਵਿਚ 10 ਤੋਂ 11 ਅੰਤਰ-ਸੰਬੰਧਿਤ ਮੌਖਿਕ ਅਤੇ ਪ੍ਰਦਰਸ਼ਨ ਉਪ-ਪਰਖ ਸ਼ਾਮਿਲ ਹਨ। ਵੈਸ਼ਲਰ ਦਾ ਬੱਚਿਆਂ ਲਈ ਬੁੱਧੀ ਸਕੇਲ (Wechsler Intelligence Scale for Children Wise) 5 ਤੋਂ 15 ਸਾਲ ਦੇ ਬੱਚਿਆਂ ਲਈ ਬਣਾਇਆ ਗਿਆ। ਵੈਸ਼ਲਰ ਬਾਲਗ ਬੁੱਧੀ ਸਕੇਲ (Wechsler Adult Intelligence Scale, wais) ਕਿਸ਼ੋਰਾਂ ਅਤੇ ਬਾਲਗਾਂ ਦੀ ਬੁੱਧੀ ਨੂੰ ਮਾਪਦੀ ਹੈ।

ਭਾਰਤ ਵਿਚ ਬੁੱਧੀ ਦੀ ਪ੍ਰੀਖਣ ਦਾ ਕੰਮ ਥੋੜ੍ਹੇ ਸਮੇਂ ਤੋਂ ਹੀ ਸ਼ੁਰੂ ਹੋਇਆ ਹੈ। ਭਾਰਤ ਵਿਚ ਪਹਿਲਾਂ ਮਾਨਸਿਕ ਪ੍ਰਮਾਣਿਤ ਟੈਸਟ 1922 ਦੀ ਬਿਨੇ ਸਕੇਲ ਸੀ। ਉਸ ਤੋਂ ਬਾਅਦ ਬਹੁਤ ਸਾਰੇ ਟੈਸਟ, ਤਿਆਰ ਕੀਤੇ ਗਏ। ਉਨ੍ਹਾਂ ਵਿਚ ਹੇਠ ਲਿਖੇ ਟੈਸਟ ਸ਼ਾਮਲ ਹਨ :

1. Group Test of General Mental Ability by Jalota
2. Group Test of Intelligence by Paryag Mehta
3. Group Test of Mental Ability by Hundal
4. Verbal Test of Mental Ability by Phillip

ਇਸ ਤੋਂ ਬਿਨਾਂ ਵਿਅਕਤਿਕ ਅਤੇ ਕ੍ਰਿਆਤਮਕ ਟੈਸਟ ਵੀ ਮੌਜੂਦ ਹਨ।

### 3.21 ਅਗਵਾਈ ਦੇਣ ਲਈ ਵਿਅਕਤੀ ਨੂੰ ਸਮਝਣ ਲਈ ਵਰਤੇ ਜਾਣ ਵਾਲੇ ਬੁੱਧੀ ਟੈਸਟਾਂ ਦੇ ਲਾਭ (Use of Intelligence Tests in Studying the Individual for Guidance Purpose)

ਜੇ ਅਸੀਂ ਵਿਦਿਆਰਥੀਆਂ ਨੂੰ ਸਮਝਣਾ ਹੈ ਅਤੇ ਉਨ੍ਹਾਂ ਦੀ ਅਗਵਾਈ ਕਰਨੀ ਹੈ ਤਾਂ ਸਾਨੂੰ ਉਨ੍ਹਾਂ ਦੇ ਬੁਨਿਆਦੀ ਅੰਕੜਿਆਂ ਬਾਰੇ ਜਾਨਣਾ ਜ਼ਰੂਰੀ ਹੈ। ਨਿਰਸੰਦੇਹ, ਸਭ ਤੋਂ ਮਹੱਤਵਪੂਰਨ ਅੰਕੜੇ ਉਨ੍ਹਾਂ ਵਿਦਿਆਰਥੀਆਂ ਦੀ ਯੋਗਤਾ ਅਤੇ ਪ੍ਰਾਪਤੀ ਬਾਰੇ ਹਨ। ਉਨ੍ਹਾਂ ਦੀ ਸੰਭਾਵਨਾ ਬਾਰੇ ਕੁਝ ਜਾਨਣ ਤੋਂ ਬਿਨਾਂ, ਅਸੀਂ ਇਹ ਨਿਸ਼ਚਿਤ ਨਹੀਂ ਕਰ ਸਕਦੇ ਕਿ ਉਨ੍ਹਾਂ ਤੋਂ ਕੀ ਆਸ ਕੀਤੀ ਜਾ ਸਕਦੀ ਹੈ।

ਬੁੱਧੀ ਟੈਸਟ ਬਨਾਉਣ ਦਾ ਬੁਨਿਆਦੀ ਉਦੇਸ਼ ਇਹ ਸੀ ਕਿ ਬੁੱਧੀ ਦੀ ਸਤਹ ਦਾ ਪਤਾ ਲਗਾ ਸਕੀਏ।

ਪੱਛੜੀ ਅਤੇ ਮੰਦ ਬੁੱਧੀ ਦੇ ਬੱਚਿਆਂ ਨੂੰ ਅਲੱਗ ਕਰ ਸਕੀਏ ਤਾਂ ਜੋ ਉਨ੍ਹਾਂ ਬੱਚਿਆਂ ਨੂੰ ਯੋਗ ਵਿਦਿਅਕ ਅਗਵਾਈ ਦਿੱਤੀ ਜਾ ਸਕੇ।

**1. ਬੁੱਧੀ ਟੈਸਟਾਂ ਦੀ ਭਵਿੱਖ ਸੂਚਕ ਪੂਰਵ ਅਨੁਮਾਨ ਕੀਮਤ (Predictive and Prognostic Value of Intelligence Tests) :**

ਬੁੱਧੀ ਟੈਸਟਾਂ ਦੀ ਭਵਿੱਖ ਸੂਚਕ ਅਤੇ ਪੂਰਵ ਅਨੁਮਾਨ ਕੀਮਤ ਨੂੰ ਹੁਣ ਵਿਆਪਕ ਤੌਰ ਤੇ ਸਵੀਕਾਰਿਆ ਗਿਆ ਹੈ। ਹੁਣ ਬਹੁਤ ਸਾਰੇ ਅਗਾਂਹ ਵਧੂ ਸਕੂਲ ਇਨ੍ਹਾਂ ਦੀ ਵਰਤੋਂ ਕਰਦੇ ਹਨ ਤਾਂ ਜੋ ਇਹ ਪਤਾ ਲੱਗ ਸਕੇ ਕਿ ਨਵੇਂ ਦਾਖਲ ਹੋਣ ਵਾਲੇ ਵਿਦਿਆਰਥੀ ਸਕੂਲ ਦੇ ਕੰਮ ਵਿਚ ਉੱਨਤੀ ਕਰਨਗੇ ਜਾਂ ਨਹੀਂ।

**2. ਬੁੱਧੀ ਟੈਸਟਾਂ ਦੀ ਤਸ਼ਖੀਸ਼ ਕੀਮਤ (Diagnostic Value of Intelligence Tests) :**

ਬੁੱਧੀ ਟੈਸਟਾਂ ਦੀ ਤਸ਼ਖੀਸੀ ਕੀਮਤ ਹੈ। ਇਹ ਸਿਰਫ ਵਿਦਿਅਕ ਅਧਿਕਾਰੀਆਂ ਨੂੰ ਹੀ ਗਾਈਡ ਨਹੀਂ ਕਰਦੇ ਸਗੋਂ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਅਤੇ ਅਸਮਾਯੋਜਨ ਦੇ ਕਾਰਨਾਂ ਨੂੰ ਲੱਭਣ ਦੀ ਅਗਵਾਈ ਪ੍ਰੋਗਰਾਮਾਂ ਲਈ ਵੀ ਸਹਾਇਕ ਹਨ। ਅਪਰਾਧੀ ਚਿੜਚਿੜੇ ਜਾਂ ਨਕਾਰੀ ਬੱਚੇ, ਉਹ ਬੱਚੇ ਜਿਨ੍ਹਾਂ ਨੂੰ ਹਿਸਾਬ ਜਾਂ ਪੜ੍ਹਨ ਵਿਚ ਮੁਸ਼ਕਿਲ ਆਉਂਦੀ ਹੈ, ਆਦਿ ਨੂੰ ਬੁੱਧੀ ਟੈਸਟਾਂ ਦੇ ਆਧਾਰ ਤੇ ਲਏ ਅੰਕੜਿਆਂ ਦੀ ਮੱਦਦ ਨਾਲ ਅਗਵਾਈ ਦਿੱਤੀ ਜਾਂਦੀ ਹੈ।

**3. ਬੁੱਧੀ ਅਤੇ ਸਕੂਲ ਵਿਚ ਸਫ਼ਲਤਾ (Intelligence and School Success) :**

ਸੰਯੁਕਤ ਰਾਜਾਂ ਵਿਚ ਬੁੱਧੀ ਅਤੇ ਸਕੂਲ ਅਤੇ ਕਾਲਜਾਂ ਦੀ ਸਫ਼ਲਤਾ ਵਿਚ ਸੰਬੰਧ ਦੇਖਣ ਲਈ ਬਹੁਤ ਸਾਰੇ ਅਧਿਐਨ ਕੀਤੇ ਗਏ ਹਨ। ਇਹਨਾਂ ਸਾਰੇ ਅਧਿਐਨਾਂ ਵਿਚ ਸਹਿ-ਸੰਬੰਧ ਦੇ ਨਿਰੂਪਕ ਨੂੰ ਬੁੱਧੀ ਟੈਸਟ ਦੇ ਸਕੋਰਾਂ ਅਤੇ ਸਕੂਲਾਂ ਵਿਚੋਂ ਪ੍ਰਾਪਤ ਕੀਤੇ ਨੰਬਰਾਂ ਵਿਚਕਾਰ ਵੇਖਿਆ ਜਾਂਦਾ ਹੈ। ਇਹ ਸਾਰੇ ਸਹਿ-ਸੰਬੰਧ ਦੇ ਨਿਰੂਪਕ 50 ਅਤੇ 60 ਦੇ ਵਿਸਤਾਰ ਵਿਚ ਪਾਏ ਜਾਂਦੇ ਹਨ। ਇਹ ਸਿੱਟਾ ਕੱਢਿਆ ਗਿਆ ਕਿ ਜ਼ਿਆਦਾ ਬੁੱਧੀ ਵਾਲੇ ਵਿਦਿਆਰਥੀਆਂ ਕੋਲ ਔਸਤ ਜਾਂ ਮੰਦਬੁੱਧੀ ਵਾਲੇ ਵਿਦਿਆਰਥੀਆਂ ਨਾਲੋਂ ਵਿਦਿਅਕ ਵਿਸ਼ਿਆਂ ਵਿਚ ਸਫ਼ਲਤਾ ਦੇ ਜ਼ਿਆਦਾ ਮੌਕੇ ਹੁੰਦੇ ਹਨ।

**4. ਬੁੱਧੀ ਸਕੋਰ ਅਤੇ ਕਿੱਤਾ ਪੱਧਰ (Intelligence Score and Occupational Level) :**

ਯੂ.ਐਸ.ਏ. ਵਿਚ ਪਹਿਲੇ ਸੰਸਾਰ ਯੁੱਧ ਸਮੇਂ ਲੱਖਾਂ ਸਿਪਾਹੀਆਂ ਤੇ ਕੀਤੇ ਆਰਮੀ ਐਲਫ਼ਾ (Army Alpha) ਅਤੇ ਆਰਮੀ ਬੀਟਾ (Army Beta) ਟੈਸਟਾਂ ਦੇ ਆਧਾਰ ਤੇ ਇਹ ਖੋਜਿਆ ਗਿਆ ਕਿ ਵੱਖ ਵੱਖ ਕਿੱਤਿਆਂ ਦੇ ਲੋਕਾਂ ਦਾ ਮਾਧਿਅਮ ਸਕੋਰ ਵੀ ਵੱਖ ਵੱਖ ਸੀ। ਬੇਸਿਕ ਯੋਗਤਾ ਨੂੰ ਜੇਕਰ ਵੱਧਦੇ ਕ੍ਰਮ ਵਿਚ ਵਿਵਸਥ ਕੀਤਾ ਗਿਆ ਤਾਂ ਮਜ਼ਦੂਰ ਸਭ ਤੋਂ ਹੇਠਾਂ ਅਤੇ ਇੰਜਨੀਅਰ ਸਭ ਤੋਂ ਉਪਰ ਅਤੇ ਬਾਕੀ ਕਿੱਤਿਆਂ ਦੇ ਲੋਕ ਵਿਚਕਾਰ ਪਾਏ ਗਏ। ਬੁੱਧੀ ਟੈਸਟਾਂ ਦੇ ਵਿਵਸਾਇਕ ਸਮੂਹ ਦੇ ਵੱਧ ਸਕੋਰ, ਮਜ਼ਦੂਰਾਂ ਦੇ ਘੱਟ ਅਤੇ ਹੁਨਰਮੰਦ ਵਪਾਰੀਆਂ ਦੇ ਸਕੋਰ ਵਿਚਕਾਰਲੇ ਸਨ।

**5. ਵਿਦਿਅਕ ਅਗਵਾਈ ਅਤੇ ਬੁੱਧੀ ਟੈਸਟ (Educational Guidance and Intelligence Tests) :**

ਵਿਦਿਅਕ ਅਗਵਾਈ ਵਿਚ ਬੁੱਧੀ ਟੈਸਟਾਂ ਦਾ ਬਹੁਤ ਫਾਇਦਾ ਹੈ। ਆਪਣੇ ਬੁੱਧੀ ਅੰਕ ਦੇ ਅਨੁਸਾਰ, ਬੱਚਾ ਇਕ ਕਿੱਤੇ ਦੀ ਚੋਣ ਕਰ ਸਕਦਾ ਹੈ। ਸਲਾਹ ਦੇਣ ਵਾਲੇ ਵਿਅਕਤੀ ਲਈ ਅਤੇ ਸਮਾਯੋਜਨ ਦੀਆਂ ਮੁਸ਼ਕਲਾਂ ਵਾਲੇ ਬੱਚਿਆਂ ਦੀ ਮੱਦਦ ਕਰਨ ਲਈ ਬੁੱਧੀ ਟੈਸਟ ਬਹੁਤ ਲੋੜਵੰਦ ਹਨ।

ਸਕੂਲਾਂ ਵਿਚੋਂ ਬੁੱਧੀ ਟੈਸਟ ਬਹੁਤ ਮਹੱਤਵਪੂਰਨ ਹਨ। ਇਹ ਦੇਖਣ ਲਈ ਕਿ ਬੱਚਾ ਪਛੜਿਆ ਹੋਇਆ ਹੈ, ਮੱਧਮ ਬੁੱਧੀ ਵਾਲਾ ਹੈ ਜਾਂ ਵੱਧ ਬੁੱਧੀ ਵਾਲਾ ਹੈ, ਬੁੱਧੀ ਟੈਸਟ ਫਾਇਦੇਮੰਦ ਹਨ। ਮਾਨਸਿਕ ਟੈਸਟਾਂ ਦੀ ਵਰਤੋਂ ਤੋਂ ਬਿਨਾਂ ਬੱਚਿਆਂ ਦੀ ਬੁੱਧੀ ਨਹੀਂ ਮਾਪੀ ਜਾ ਸਕਦੀ। ਵਿਦਿਅਕ ਅਗਵਾਈ ਦੇ ਖੇਤਰ ਵਿਚ ਬੁੱਧੀ ਟੈਸਟਾਂ ਨੂੰ ਵਰਤਣ ਦੇ ਹੇਠ ਲਿਖੇ ਉਦੇਸ਼ ਹਨ।

(ੳ) ਅਧਿਐਨ ਦੇ ਵੱਖ ਵੱਖ ਕੋਰਸਾਂ ਵਿਚ ਦਾਖਲੇ ਲਈ ਬੱਚਿਆਂ ਦੀ ਚੋਣ ਕਰਨਾ।

(ਅ) ਸਕੂਲ ਵਿਚ ਸਫਲਤਾ ਦੀ ਭਵਿੱਖਬਾਣੀ ਕਰਨਾ।

(ੲ) ਬੱਚਿਆਂ ਵਿਚੋਂ ਵੱਧ ਅਤੇ ਘੱਟ ਬੁੱਧੀ ਵਾਲਿਆਂ ਦੀ ਪਹਿਚਾਣ ਕਰਨਾ।

ਡਾ. ਤਨੇਜਾ ਦੇ ਸ਼ਬਦਾਂ ਵਿਚ ''ਬੁੱਧੀ ਟੈਸਟ ਦੇ ਨਤੀਜੇ, ਅਗਵਾਈ ਕਰਮਚਾਰੀ ਨੂੰ ਵਿਅਕਤੀ ਦੇ ਉਚਿੱਤ ਵਿਦਿਅਕ ਉਦੇਸ਼ ਉਸ ਨੂੰ ਵਿਚ ਦੇਖਣ ਦੇ ਯੋਗ ਬਣਾਉਂਦੇ ਹਨ। ਇਹ ਟੈਸਟ ਇਹ ਫੈਸਲਾ ਦਿੰਦੇ ਹਨ ਕਿ ਉਸ ਨੂੰ ਕਾਲਜ ਜਾਣ ਦੀ ਯੋਜਨਾ ਕਰਨੀ ਚਾਹੀਦੀ ਹੈ ਜੇ ਕਰਨੀ ਚਾਹੀਦੀ ਹੈ ਤਾਂ ਕਿਸ ਕਿਸਮ ਦੇ ਕਾਲਜ ਵਿਚ ਅਤੇ ਕਿਹੜੇ ਕੋਰਸ ਲੈਣੇ ਚਾਹੀਦੇ ਹਨ।''

### 3.2.2 ਵਿਅਕਤੀਗਤ ਤੇ ਸਮੂਹ ਟੈਸਟ (Individual v/s Group Tests)

| ਵਿਅਕਤੀਗਤ ਟੈਸਟ (Individual Tests) | ਸਮੂਹ ਟੈਸਟ (Group Tests) |
|---|---|
| 1. ਕੇਵਲ ਇਕ ਹੀ ਵਿਅਕਤੀ ਨੂੰ ਇਕ ਸਮੇਂ ਟੈਸਟ ਕੀਤਾ ਜਾਂਦਾ ਹੈ। | 1. ਇਕ ਸਮੇਂ ਇਕ ਨਾਲੋਂ ਵੱਧ ਲੋਕਾਂ ਨੂੰ ਟੈਸਟ ਕੀਤਾ ਜਾਂਦਾ ਹੈ। |
| 2. ਸਮੇਂ, ਮਿਹਨਤ ਅਤੇ ਪੈਸੇ ਦੇ ਪੱਖ ਤੋਂ ਮਹਿੰਗਾ ਹੁੰਦਾ ਹੈ। | 2. ਸਮੇਂ, ਮਿਹਨਤ ਅਤੇ ਪੱਖ ਤੋਂ ਸਸਤਾ ਹੁੰਦਾ ਹੈ। |
| 3. ਬੱਚਿਆਂ ਅਤੇ ਬਾਲਗਾਂ ਲਈ ਵਰਤਿਆ ਜਾਂਦਾ ਹੈ। | 3. 9 ਤੋਂ 10 ਸਾਲਾਂ ਦੀ ਉਮਰ ਤੋਂ ਘੱਟ ਬੱਚਿਆਂ ਇਨ੍ਹਾਂ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ। |
| 4. ਹਰ ਪ੍ਰਕਾਰ ਦੇ ਨਿਜੀ ਅਤੇ ਭਾਵਾਤਮਿਕ ਕਾਰਕ ਜਾਂਚੇ ਜਾ ਸਕਦੇ ਹਨ ਕਿਉਂਕਿ ਇਕ ਹੀ ਵਿਅ–ਕਤੀ ਨੂੰ ਜਾਂਚਿਆ ਜਾਂਦਾ ਹੈ। | 4. ਵੱਡੇ ਗਰੁੱਪ ਦੇ ਕਾਰਨ ਨਿਜੀ ਅਤੇ ਭਾਵਾਤਮਿਕ ਕਾਰਕ ਨਹੀਂ ਜਾਂਚੇ ਜਾ ਸਕਦੇ। |
| 5. ਸਮੂਹ ਟੈਸਟਾਂ ਦੀ ਤਰ੍ਹਾਂ ਵਸਤੂ ਨਿਸ਼ਠ ਅਤੇ ਪ੍ਰਮਾ–ਣਿਕ ਨਹੀਂ ਹੁੰਦੇ। ਉਦਾਹਰਣ ਵਜੋਂ ਕੋਹ ਦਾ ਬਲਾਕ ਡਿਜ਼ਾਈਨ ਟੈਸਟ, ਪਾਸਐਲੋਂਗ ਟੈਸਟ, ਪਿਕਚਰ ਕੰਪਲੀਸ਼ਨ ਟੈਸਟ, ਭਾਟੀਆ ਬੈਟਰੀ। | 5. ਇਹ ਜ਼ਿਆਦਾ ਵਸਤੂਨਿਸ਼ਠ ਅਤੇ ਪ੍ਰਮਾਣਿਕ ਹਨ। ਉਦਾਹਰਣ ਵਜੋਂ ਜਲੋਟਾ ਦੁਆਰਾ ਜਨਰਲ ਮੈਂਟਲ ਅਬੀਲਟੀ ਦਾ ਸਮੂਹ ਟੈਸਟ। |

### 3.2.3 ਕਿੱਤਈ ਅਗਵਾਈ ਵਿੱਚ ਬੁੱਧੀ ਟੈਸਟ ਦਾ ਭਾਗ (Role of Intelligence Tests in Vocational Guidance) :

ਵੱਖ ਵੱਖ ਕਿੱਤਿਆਂ ਵਿਚ ਵੱਖ ਵੱਖ ਉਮਰ ਪੱਧਰਾਂ ਤੋਂ ਵਿਦਿਅਕ ਅਗਵਾਈ ਪ੍ਰਦਾਨ ਕਰਨ ਲਈ ਬੁੱਧੀ ਟੈਸਟਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਅਸਲ ਵਿਚ ਵਿਦਿਅਕ ਅਗਵਾਈ, ਕਿੱਤਈ ਅਗਵਾਈ ਲਈ ਰਸਤਾ ਤਿਆਰ ਕਰਦੀ ਹੈ।

ਇਕ ਸਮਾਂ ਸੀ ਜਦੋਂ ਕਿੱਤਈ ਅਗਵਾਈ ਨੂੰ ਇਕ ਕਿੱਤੇ ਦੀ ਚੋਣ ਨਾਲ ਹੀ ਸੰਬੰਧਿਤ ਸਮਝਿਆ ਜਾਂਦਾ ਸੀ ਅਤੇ ਅਗਵਾਈ ਅਮਲੇ ਦੀ ਰੁਚੀ, ਯੋਗ ਚੋਣ ਕਰਨ ਅਤੇ ਸਮਾਯੋਜਨ ਕਰਨਾ ਹੀ ਬੁੱਧੀ ਦੀ ਵਰਤੋਂ ਕਰਨ ਵਿਚ ਸੀ। ਪਰ ਜਦੋਂ ਅਗਵਾਈ ਇਕ ਵਿਕਸਿਤ ਪ੍ਰਣਾਲੀ ਬਣ ਗਈ, ਕਿੱਤਈ ਵਿਸ਼ਲੇਸ਼ਣ ਲਈ, ਬੁੱਧੀ ਅੰਕ ਬੁੱਧੀ ਦੇ ਮਾਪ ਲਈ ਵਰਤਿਆ ਜਾਂਦਾ ਹੈ। ਕਿਉਂਕਿ ਕਿੱਤਾ ਯੋਗਤਾਵਾਂ ਵਿਦਿਅਕ ਯੋਗਤਾਵਾਂ ਦੇ ਸਮਾਨੰਤਰ ਹੀ ਚਲਦੀਆਂ ਹਨ, ਇਹ ਕੁਦਰਤੀ ਹੀ ਹੈ ਕਿ ਇਕ ਸਾਧਾਰਨ ਬੁੱਧੀ ਮਾਪ ਵਿਵਸਾਇ ਪੱਧਰ ਨਿਸ਼ਚਿਤ ਕਰਨ ਲਈ ਯੋਗ ਹੈ।

**3.3. ਰੁਝਾਨ ਦਾ ਅਰਥ ਅਤੇ ਪਰਿਭਾਸ਼ਾ (Meaning and Definition of Aptitude)**

ਬੁੱਧੀ ਤੋਂ ਬਾਅਦ ਰੁਝਾਨ ਮਨੁੱਖ ਦੀ ਇਕ ਮਹੱਤਵਪੂਰਨ ਵਿਸ਼ੇਸ਼ਤਾ ਮੰਨੀ ਜਾਂਦੀ ਹੈ ਜਿਸ ਨਾਲ ਕਿ ਮਨੁੱਖ ਦੀ ਭਵਿੱਖ ਵਿਚ ਇਕ ਧੰਦੇ ਵਿਚ ਜਾਂ ਧੰਦੇ ਖੇਤਰ ਵਿਚ ਹੋਣ ਵਾਲੀ ਸਫ਼ਲਤਾ ਜਾਂ ਅਸਫ਼ਲਤਾ ਦੀ ਭਵਿੱਖਬਾਣੀ ਕੀਤੀ ਜਾ ਸਕਦੀ ਹੈ। ਇਹ ਸਹੀ ਹੈ ਕਿ ਰੁਝਾਨ ਧੰਦੇ ਦੀ ਕਾਮਯਾਬੀ ਨਾਲ ਸੰਬੰਧ ਰੱਖਦੇ ਹਨ ਜਦੋਂ ਆਮ ਕਾਮਯਾਬੀ ਨਾਲ ਇਕ ਮਨੁੱਖ ਦੇ ਵਿਕਾਸ ਵਿਚ ਰੁਝਾਨ ਇਕ ਮਹੱਤਵਪੂਰਨ ਰੋਲ ਅਦਾ ਕਰਦੇ ਹਨ।

ਕਿਸੇ ਕਿਰਿਆ ਦੇ ਖੇਤਰ ਵਿਚ ਰੁਝਾਨ ਇਕ ਖਾਸ ਸਮੱਰਥਾ ਦੇ ਰੂਪ ਵਿਚ ਕੰਮ ਕਰਦੇ ਹਨ। ਫਿਰ ਵੀ ਵਿਸ਼ੇਸ਼ ਰੁਝਾਨ ਦੀ ਇਕ ਸੁਲਝੀ ਹੋਈ ਪਰਿਭਾਸ਼ਾ ਦੇਣ ਵਿਚ ਅਸਮਰੱਥ ਰਹੇ। ਕੁਝ ਦੇ ਅਨੁਸਾਰ, ਰੁਝਾਨ ਅੰਦਰੂਨੀ ਯੋਗਤਾ ਹੈ, ਜੋ ਕਿ ਜਮਾਂਦਰੂ ਹੈ। ਕੁਝ ਇਹ ਮੰਨਦੇ ਹਨ ਇਹ ਵਰਤਮਾਨ ਸਮਰਥਾ ਹੈ ਜਾਂ ਫਿਰ ਉਪਲਬਧੀ ਹਾਲਤ ਹੈ। ਕੀ ਰੁਝਾਨ ਇਕ ਇੱਕਲਾ ਲੱਛਣ ਹੈ ਜਾਂ ਕਈ ਲੱਛਣਾਂ ਦਾ ਮੇਲ ਜਾਂ ਜੁੱਟ ਹੈ ਜਾਂ ਇਹ ਸਥਿਤੀ ਹੈ ਹੋਰ ਚੰਗੀ ਤਰ੍ਹਾਂ ਸਮਝਣ ਲਈ ਕੁਝ ਮਨੋਵਿਗਿਆਨੀਆਂ ਦੀ ਪਰਿਭਾਸ਼ਾਵਾਂ ਬਾਰੇ ਵਿਚਾਰ ਕਰੀਏ।

1. **ਸਿੱਖਿਆ ਦੇ ਸ਼ਬਦ ਕੋਸ਼ ਅਨੁਸਾਰ (Dictionary of Education),** ਰੁਝਾਨ ਇਕ ਨਿਸ਼ਚਿਤ ਅੰਦਰੂਨੀ ਸਮਰੱਥਾ ਜਾਂ ਯੋਗਤਾ ਹੈ। ਜੋ ਨਿਸ਼ਚਿਤ ਅੰਦਰੂਨੀ ਯੋਗਤਾ ਜਾਂ ਸਮਰੱਥਾ ਕਿਸੇ ਵਿਸ਼ੇਸ਼ ਕਲਾ ਸਕੂਲ ਦੇ ਵਿਸ਼ੇ ਜਾਂ ਕਿੱਤੇ ਨੂੰ ਪੂਰਾ ਕਰਨ ਲਈ ਵਰਤੀ ਜਾਂਦੀ ਹੈ।

"An Aptitude is a pronounced innate capacity for or ability in a given line of endeavour such as a particular art, school subject or vocation."

2. **ਟਰੈਕਸਲਰ ਅਨੁਸਾਰ (According to Traxler),** ਰੁਝਾਨ ਇਕ ਮੌਜੂਦ ਅਵਸਥਾ ਹੈ ਜੋ ਕਿਸੇ ਵਿਅਕਤੀ ਦੀਆਂ ਭਵਿੱਖਤ ਸੰਭਾਵਨਾਵਾਂ ਦੇ ਸੂਚਕ ਹੁੰਦੇ ਹਨ।

"An Aptitude is a present condition which is indicative of an individual's potentialities for the structure."

3. **ਫਰੀਮੈਨ (According to Freeman),** ਰੁਝਾਨ ਕੁਝ ਵਿਸ਼ੇਸ਼ਤਾਵਾਂ ਦਾ ਮਿਸ਼ਰਣ ਹੈ ਜੋ ਟਰੇਨਿੰਗ ਦੁਆਰਾ ਕੁਝ ਵਿਸ਼ੇਸ਼ ਗਿਆਨ ਨਿਪੁੰਨਤਾ ਜਿਵੇਂ ਭਾਸ਼ਾ ਦੀ ਯੋਗਤਾ, ਸੰਗੀਤਕਾਰ ਬਣਨ ਦੀ ਯੋਗਤਾ ਅਤੇ ਮਸ਼ੀਨੀ ਕੰਮ ਕਰਨ ਦੀ ਯੋਗਤਾ ਦਾ ਹੁੰਗਾਰਾ ਦਿੰਦੇ ਹਨ।

"An Aptitude is a combination of characteristics indicative of an individual's capacity to acquire (with training) some specific knowledge, skill are set of organised responses, such as the ability to speak a language, to become a musician, to do mechanical work."

4. **ਬਿੰਘਮ ਅਨੁਸਾਰ (According to Bingham),** "ਰੁਝਾਨ ਇਕ ਲੱਛਣ ਜਾਂ ਵਿਸ਼ੇਸ਼ਤਾਵਾਂ ਦਾ ਸੰਗ੍ਰਹਿ ਹੈ ਜੋ ਇਕ ਵਿਅਕਤੀ ਦੀ ਯੋਗਤਾ ਦਾ ਚਿੰਨ੍ਹ ਸਮਝਿਆ ਜਾਂਦਾ ਹੈ ਤਾਂ ਜੋ ਸਿਖਲਾਈ ਨਾਲ ਕੁਝ ਵਿਸ਼ੇਸ਼ ਗਿਆਨ ਨਿਪੁੰਨਤਾ ਜਿਵੇਂ ਭਾਸ਼ਾ ਬੋਲਣ ਦੀ ਯੋਗਤਾ, ਸੰਗੀਤ ਪੈਦਾ ਕਰਨ ਦੀ ਯੋਗਤਾ ਦਾ ਹੁੰਗਾਰਾ ਦਿੰਦਾ ਹੈ।

"An Aptitude is a condition or set of characteristics regarding as symptomatic of an individual's ability to acquire with training some (usually specialised) knowledge, skill or set of responses, such as ability to speak a language, to produce music."

**ੳ) ਰੁਝਾਨ ਦੀਆਂ ਵਿਸ਼ੇਸ਼ਤਾਈਆਂ (Characteristics of Aptitude) :**

ਰੁਝਾਨ ਦੀਆਂ ਵੱਖ-ਵੱਖ ਪ੍ਰੀਭਾਸ਼ਾਵਾਂ ਅਤੇ ਵਿਚਾਰ ਦੇ ਆਧਾਰ ਅਸੀਂ ਹੇਠ ਲਿਖੇ ਅਨੁਸਾਰ ਚਰਚਾ ਕਰਾਂਗ:

**1. ਰੁਝਾਨ ਵਿਚ ਭਾਵਾਚਕ ਨਾਉਂ ਹੈ (Aptitude is an Abstract Noun) :**

ਇਹ ਇਕ ਵਿਅਕਤੀ ਦੁਆਰਾ ਹਾਸਿਲ ਕੀਤੀ ਵਿਸ਼ੇਸ਼ਤਾ ਨਹੀਂ ਹੈ ਬਲਕਿ ਉਸ ਦੀ ਸਖਸ਼ੀਅਤ ਦਾ

ਏਕਾਗਰਿਤ (integrative) ਭਾਗ ਹੈ।

2. ਰੁਝਾਨ ਭਵਿੱਖ ਦਾ ਹਵਾਲਾ ਦਿੰਦੇ ਹੋਏ ਵਰਤਮਾਨ ਦੀ ਸਥਿਤੀ ਹੈ। ਰੁਝਾਨ ਭਵਿੱਖ ਸੂਚਕ ਮੂਲ ਹੈ। ਜਦ ਅਸੀਂ ਕਹਿੰਦੇ ਹਾਂ ਕਿ ਰਾਧਾ ਦਾ ਸੰਗੀਤ ਲਈ ਰੁਝਾਨ ਹੈ ਤਾਂ ਸਾਡਾ ਮਤਲਬ ਹੁੰਦਾ ਹੈ ਕਿ ਉਸ ਦੀ ਵਰਤਮਾਨ ਸਥਿਤੀ ਤੋਂ ਇਹ ਪਤਾ ਲਗਦਾ ਹੈ ਕਿ ਅਗਰ ਉਹ ਸੰਗੀਤ ਸਿਖੇਗੀ ਤਾਂ ਉਹ ਇਸ ਲਾਈਨ ਵਿਚ ਕਾਮਯਾਬੀ ਹਾਸਿਲ ਕਰੇਗੀ, ਇਕ ਵਿਅਕਤੀ ਦੇ ਰੁਝਾਨ ਦੀ ਸਮਝ ਤੋਂ ਹੋਣ ਨਾਲ ਸਾਨੂੰ ਪਤਾ ਲਗਾਣ ਵਿਚ ਮਦਦ ਮਿਲਦੀ ਹੈ ਕਿ ਉਹ ਭਵਿੱਖ ਵਿਚ ਕੀ ਕਰੇਗਾ ਜਾਂ ਕਰੇਗੀ।

3. (ੳ) ਕਿਸੇ ਯੁਕਤੀ ਦੇ ਗਿਆਨ ਆਦਿ ਵਿਚ ਨਿਪੁੰਨਤਾ ਹਾਸਿਲ ਕਰਨ ਲਈ ਹਾਜ਼ਰ।
(ਅ) ਇਹਨਾਂ ਯੁਕਤੀਆਂ ਅਤੇ ਗਿਆਨ ਵਿਚ ਨਿਪੁੰਨਤਾ ਹਾਸਿਲ ਕਰਨ ਦੀ ਸਮੱਰਥਾ।
(ੲ) ਇਹਨਾਂ ਕਿਰਿਆਵਾਂ ਨੂੰ ਹਾਸਿਲ ਕਰਨ ਉਪਰੰਤ ਇਹਨਾਂ ਤੋਂ ਤਸੱਲੀਬਖਸ਼ ਹੋਣਾ।

4. ਰੁਝਾਨ ਜਦੀ ਅਤੇ ਵਰਤਮਾਨ ਦੇ ਸਿੱਟੇ ਵਜੋਂ ਹੈ। Traxler ਦੇ ਅਨੁਸਾਰ ਇਹ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਰੁਝਾਨ ਦੇ ਟੈਸਟ ਗੁੰਝਲਦਾਰ ਹੁੰਦੇ ਹਨ ਅਤੇ ਅੰਦਰੂਨੀ ਪ੍ਰਵਿਰਤੀਆਂ ਅਤੇ ਉਹਨਾਂ ਦੇ ਪਏ ਸਿਖਾਈ ਦੇ ਪ੍ਰਭਾਵ ਨੂੰ ਮਾਪਦੇ ਹਨ ਅਤੇ ਇਹਨਾਂ ਟੈਸਟਾਂ ਦੇ ਸਿੱਟਿਆਂ ਤੇ ਵਾਤਾਵਰਣ ਦੇ ਪ੍ਰਭਾਵ ਨੂੰ ਅਲੱਗ ਨਹੀਂ ਕਰ ਸਕਦੇ।

5. ਰੁਝਾਨ ਸਥਿਰ ਹੁੰਦੇ ਹਨ। ਲੇਕਿਨ ਕਈ ਵਾਰ ਅਣਚਾਹੇ ਹਾਲਤਾਂ ਕਰਕੇ ਅਤੇ ਅਭਿਆਸ ਦੀ ਘਾਟ ਕਾਰਨ ਇਹ ਰੁਝਾਨ ਫਿੱਕੇ ਪੈ ਜਾਂਦੇ ਹਨ। ਇਸ ਲਈ ਵਾਤਾਵਰਣ ਦੇ ਕਾਰਕਾਂ ਰਾਹੀਂ ਹੀ ਰੁਝਾਨ ਵਿਚ ਪਰਿਵਰਤਨ ਆਉਂਦੇ ਹਨ।

6. ਮਨੁੱਖੀ ਵਤੀਰੇ ਵਿਚ ਰੁਝਾਨ ਇਕ ਲੱਛਣ ਤੋਂ ਨਹੀਂ ਬਲਕਿ ਕਈ ਲੱਛਣਾਂ ਦੇ ਮਿਸ਼ਰਣ ਤੋਂ ਤਿਆਰ ਹੁੰਦੇ ਹਨ। ਦੂਸਰੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਰੁਝਾਨ ਬਹੁਵਾਚਕ ਹਨ ਨਾ ਕਿ ਇਕ ਵਾਚਕ। ਇਕ ਮਨੁੱਖ ਅੰਦਰ ਕਈ ਤਰ੍ਹਾਂ ਦੀਆਂ ਦਿਮਾਗੀ ਵਿਸ਼ੇਸ਼ਤਾਈਆਂ ਹੁੰਦੀਆਂ ਹਨ। ਜਿਹਨਾਂ ਨੂੰ ਕਿ ਕਾਰਕਾਂ ਦੇ ਵਿਸ਼ਲੇਸ਼ਣ ਦੀ ਵਰਤੋਂ ਰਾਹੀਂ ਪਹਿਚਾਣਿਆ ਜਾ ਸਕਦਾ ਹੈ।

**ਅ) ਰੁਝਾਨ ਅਤੇ ਬੁੱਧੀ (Aptitude and Intelligence) :** ਬੁੱਧੀ ਟੈਸਟਾਂ ਰਾਹੀਂ ਵਿਅਕਤੀ ਦੀ ਆਮ ਮਾਨਸਿਕ ਸਮਰੱਥਾ ਨੂੰ ਟੈਸਟ ਕੀਤਾ ਜਾਂਦਾ ਹੈ। ਜਦ ਕਿ ਰੁਝਾਨ ਇਕ ਖਾਸ ਸਮੱਰਥਾ ਨਾਲ ਸੰਬੰਧਿਤ ਹਨ। ਇਸ ਲਈ, ਜਿਥੇ ਅਸੀਂ ਕਿਸੇ ਵਿਅਕਤੀ ਦੀ ਬੁੱਧੀ ਦਾ ਗਿਆਨ ਹੋਣ ਦੇ ਨਾਤੇ ਉਸ ਦੀ ਕਈ ਸਥਿਤੀਆਂ ਜਿਨ੍ਹਾਂ ਵਿਚ ਕਿ ਮਾਨਸਿਕ ਕਿਰਿਆ ਦੀ ਵਰਤੋਂ ਹੁੰਦੀ ਹੋਵੇ, ਸਫਲਤਾ ਦੀ ਭਵਿੱਖਬਾਣੀ ਕਰ ਸਕਦੇ ਹਾਂ ਉਥੇ ਹੀ ਸਾਨੂੰ ਰੁਝਾਨਾਂ ਦਾ ਗਿਆਨ ਦੂਜੇ ਹੱਕ ਤੇ ਕਿਸੇ ਵਿਅਕਤੀ ਦੀ ਉਨ੍ਹਾਂ ਖਾਸ ਕਿਸਮ ਦੀਆਂ ਸਮਰਥਾਵਾਂ ਤੋਂ ਜਾਣੂ ਕਰਵਾਉਂਦਾ ਹੈ ਜੋ ਕਿ ਉਸ ਦੀ ਕਿਸੇ ਦਾਇਰੇ ਵਿਚ ਕਾਮਯਾਬੀ ਨੂੰ ਸੰਕੇਤ ਕਰਦੇ ਹਨ।

**ੲ) ਰੁਝਾਨ ਅਤੇ ਰੁਚੀਆਂ (Aptitude and Interest) :** ਕਿਸੇ ਕਿਰਿਆ ਵਿਚ ਕਾਮਯਾਬੀ ਹਾਸਿਲ ਕਰਨ ਲਈ ਇਕ ਵਿਅਕਤੀ ਵਿਚ ਦੋਵੇਂ ਕਿਰਿਆ ਰੁਝਾਨ ਅਤੇ ਰੁੱਚੀ ਦਾ ਹੋਣਾ ਜ਼ਰੂਰੀ ਹੈ। ਇਹ ਹੋ ਸਕਦਾ ਹੈ ਕਿ ਇਹ ਦੋਵੇਂ ਸਮਾਨਾਂਤਰ ਨਾ ਹੋਣ, ਮਤਲਬ ਇਹ ਹੋ ਸਕਦਾ ਹੈ ਕਿਸੇ ਵਿਅਕਤੀ ਵਿਚ ਕਿਸੇ ਚੀਜ਼ ਲਈ ਰੁਝਾਨ ਹੋਵੇ ਲੇਕਿਨ ਰੁੱਚੀ ਉਤਨੀ ਨਾ ਹੋਵੇ। ਉਦਾਹਰਣ ਦੇ ਤੌਰ ਤੇ ਵਿਅਕਤੀ ਵਿਚ ਸੰਗੀਤ ਦੀ ਰੁੱਚੀ ਤਾਂ ਹੋਵੇ ਲੇਕਿਨ ਰੁਝਾਨ ਨਾ ਹੋਵੇ ਲੇਕਿਨ ਚੋਣ ਸਮੇਂ ਵਿਅਕਤੀ ਦੀ ਰੁੱਚੀ ਵੱਲ ਬਹੁਤ ਹੀ ਧਿਆਨ ਦਿੱਤਾ ਜਾਂਦਾ ਹੈ। ਆਖਿਰ ਵਿਚ ਅਸੀਂ ਕਹਿ ਸਕਦੇ ਹਾਂ ਕਿ ਅਗਵਾਈ ਦੇਣ ਵਾਲੇ ਨੂੰ ਰੁਝਾਨ ਅਤੇ ਰੁੱਚੀ ਦੋਹਾਂ ਦਾ ਗਿਆਨ ਹੋਣਾ ਜ਼ਰੂਰੀ ਹੈ ਅਤੇ ਉਸ ਨੂੰ ਅਗਵਾਈ ਦੇ ਸਮੇਂ ਦੋਹਾਂ ਨੂੰ ਮਹੱਤਵ ਦੇਣਾ ਚਾਹੀਦਾ ਹੈ। ਕਿਸੇ ਵਿਅਕਤੀ ਦੀ ਕਿਸੇ ਖਾਸ ਕਿਰਿਆ ਵਿਚ ਕਾਮਯਾਬੀ ਦੀ ਭਵਿੱਖਬਾਣੀ ਕਰਨ ਲਈ ਇਹ ਦੋਵੇਂ ਚੀਜ਼ਾਂ ਬਹੁਤ ਜ਼ਰੂਰੀ ਹਨ।

**ਸ) ਰੁਝਾਨ ਅਤੇ ਪ੍ਰਾਪਤੀ (ਸਫਲਤਾ) (Aptitude and Achievement) :** ਜਦ ਕਿ ਰੁਝਾਨ ਦਾ ਭਵਿੱਖ ਨਾਲ ਸੰਬੰਧ ਹੈ ਅਤੇ ਇਹ ਯੋਗ ਸਿਖਲਾਈ ਉਪਰੰਤ ਕਿਸੇ ਵਿਅਕਤੀ ਦੀ ਕਿਸੇ ਖਾਸ ਕਿਰਿਆ

ਜਾਂ ਖੇਤਰ ਵਿਚ ਸਫਲਤਾ ਦੀ ਭਵਿੱਖਬਾਣੀ ਕਰਦੀ ਹੈ। ਉਥੇ ਹੀ ਪ੍ਰਾਪਤੀ ਭੂਤਕਾਲ ਦਾ ਅਨੁਕੂਲਣ ਕਰਦੀ ਹੈ। ਇਹ ਭੂਤਕਾਲ ਵੱਲ ਵੇਖਦੇ ਹੋਏ ਇਹ ਦਰਸਾਉਂਦੀ ਹੈ ਕਿ ਇਕ ਵਿਅਕਤੀ ਨੇ ਕਿਸੇ ਖਾਸ ਖੇਤਰ ਵਿਚ ਕੀ ਸਿਖਿਆ ਹੈ। ਲੇਕਿਨ ਇਸ ਤੋਂ ਇਹ ਸਿੱਟਾ ਨਹੀਂ ਕੱਢਣਾ ਚਾਹੀਦਾ ਕਿ ਕਿਸੇ ਦੀ ਭਵਿੱਖ ਵਿਚ ਕਿਸੇ ਖੇਤਰ ਵਿਚ ਸਫਲਤਾ ਨੂੰ ਅਸੀਂ ਰੁਝਾਨ ਦੇ ਸਾਖਾਂ ਰਾਹੀਂ ਮਾਪ ਸਕਦੇ ਹਾਂ। ਸਾਰੀਆਂ ਕਿਸਮਾਂ ਦੇ ਰੁਝਾਨ ਟੈਸਟ ਸਿਰਫ ਵਰਤਮਾਨ ਸਮਰੱਥਾ ਦੇ ਆਧਾਰ ਤੇ ਮਾਪ ਕਰਦੇ ਹਨ, ਜਿਨ੍ਹਾਂ ਨੂੰ ਕਿ ਭਵਿੱਖ ਦੀਆਂ ਸਫਲਤਾਵਾਂ ਦੀਆਂ ਭਵਿੱਖਬਾਣੀ ਕਰਨ ਲਈ ਵਰਤਿਆ ਜਾ ਸਕਦਾ ਹੈ।

**ਹ) ਰੁਝਾਨਾਂ ਦੇ ਮਾਪ (Measurement of Aptitudes) :** ਵੱਖ-ਵੱਖ ਖੇਤਰਾਂ ਜਾਂ ਕਿਰਿਆਵਾਂ ਵਿਚ ਵਿਅਕਤੀ ਦੇ ਰੁਝਾਨਾਂ ਨੂੰ ਮਾਪਣ ਲਈ, ਬੁੱਧੀ ਟੈਸਟਾਂ ਵਾਂਗ ਹੀ ਰੁਝਾਨ ਟੈਸਟ ਤਿਆਰ ਕੀਤੇ ਗਏ ਹਨ। ਖਾਸ ਰੁਝਾਨਾਂ ਨੂੰ ਖੋਜਣ ਲਈ ਵੱਖ-ਵੱਖ ਖੇਤਰਾਂ ਵਿਚ ਬਹੁਤ ਸਾਰੇ ਟੈਸਟ ਤਿਆਰ ਕੀਤੇ ਗਏ। ਰੁਝਾਨਾਂ ਨੂੰ ਮਾਪਣ ਲਈ ਕਈ ਤਰ੍ਹਾਂ ਦੇ ਟੈਸਟ ਅਲੱਗ-ਅਲੱਗ ਅਧਿਕਾਰੀਆਂ ਅਤੇ ਮਨੋਵਿਗਿਆਨਕਾਂ ਨੇ ਤਿਆਰ ਕੀਤੇ। ਜਿਨ੍ਹਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

1. ਡਿਫਰੈਨਸ਼ਲ ਐਪਟੀਚਿਊਡ ਟੈਸਟ (Differential Aptitude Test)
2. ਜਨਰਲ ਐਪਟੀਚਿਊਡ ਟੈਸਟ (General Aptitude Test)
3. ਵਿਸ਼ੇਸ਼ ਐਪਟੀਚਿਊਡ ਟੈਸਟ (Special Aptitude Test)

**(1) Differential Aptitude Test (DAT) :** ਇਹ ਪ੍ਰੀਖਿਆਵਾਂ ਦੀਆਂ ਬੈਟਰੀਆਂ ਹਨ ਜਿਨ੍ਹਾਂ ਵਿਚ ਇਕ ਤੋਂ ਵੱਧ ਪ੍ਰੀਖਿਆ ਹੁੰਦੀ ਹੈ ਜੋ ਕਿ ਇਕੋ ਆਬਾਦੀ ਦੀ ਮਿਆਰ ਤੇ ਕਾਇਮ ਕੀਤੀਆਂ ਜਾਂਦੀਆਂ ਹਨ ਤਾਂ ਜੋ ਕਈ ਟੈਸਟਾਂ ਦੀ ਤੁਲਨਾ ਕੀਤੀ ਜਾ ਸਕੇ। George K. Banett, G. Horold Seashore and Alexander G. Wesman ਦੁਆਰਾ ਤਿਆਰ ਕੀਤੀ DAT ਬੈਟਰੀਆਂ ਮੁੱਢਲੀਆਂ ਬੌਧਿਕ ਯੋਗਤਾਵਾਂ ਨਿਰਧਾਰਿਤ ਕਰਨ ਲਈ ਬਣਾਈ ਗਈ ਹੈ। ਇਹ ਹੇਠ ਲਿਖੀਆਂ ਹਨ। (1) ਸ਼ਾਬਦਿਕ ਤਰਕ, (2) ਸੰਖਿਅਕ ਯੋਗਤਾ, (3) ਸੂਖਮ ਤਰਕ, (4) ਥਾਂ ਦੇ ਸੰਬੰਧਾਂ, (5) ਮਕੈਨਿਕੀ ਤਰਕ (6) ਕਲਰਕੀ ਰਫਤਾਰ ਅਤੇ ਸ਼ੁੱਧਤਾ (7) ਭਾਸ਼ਾ ਉਪਯੋਗ (8) ਸ਼ਬਦ ਜੋੜ ਅਤੇ ਵਾਕ।

ਇਹ ਮੁੱਖ ਤੌਰ ਤੇ ਹਾਈ ਸਕੂਲ ਦੇ ਵਿਦਿਆਰਥੀਆਂ ਦੀ ਵਿਦਿਅਕ ਅਤੇ ਕਿੱਤਾ ਮਸ਼ਵਰਾ ਸਲਾਹ ਲਈ ਬਣਾਈ ਗਈ ਸੀ। ਇਹ ਸਲਾਹਕਾਰ ਨੂੰ ਵਿਵਸਾਇਕ ਸੰਭਾਵਨਾਵਾਂ ਵਿਚ ਮਦਦ ਕਰਨ ਲਈ ਖਾਸ ਤੌਰ ਤੇ ਸਹਾਇਕ ਹੁੰਦੀ ਹੈ।

**(2) GAT (General Aptitude Test) :** ਇਹ ਟੈਸਟ (Battery Psychological Corporation of American) ਦੀ ਟੈਸਟ ਡਵੀਜ਼ਨ ਦੁਆਰਾ 1962 ਵਿੱਚ ਬਣਾਈ ਗਈ। ਇਸ (Aptitude Battery) ਵਿਚ 12 ਟੈਸਟ ਹਨ : (1) ਨਾਮ ਤੁਲਨਾ (2) ਗਣਨਾ (3) ਤਿੰਨ ਥਾਂ (4) ਸ਼ਬਦ ਭੰਡਾਰ (5) ਸੰਦਯਔਜ਼ਾਰ ਜੋੜਨਾ (6) ਗਣਿਤ ਤਰਕ (7) ਆਕਾਰ ਜੋੜਨਾ (8) ਨਿਸ਼ਾਨ ਜੋੜਨਾ (9) ਸਥਾਨ ਜਾਂ ਜਗ੍ਹਾ (10) ਸੜਨਾ (11) ਇਕੱਠੇ ਕਰਨਾ (12) ਵੱਖਰੇ ਕਰਨਾ।

ਇਹਨਾਂ ਵਿਚ ਅੱਠ ਅਜਿਹੇ ਟੈਸਟ ਹਨ ਜਿਨ੍ਹਾਂ ਵਿਚ ਕਾਗਜ਼ ਅਤੇ ਪੈਨਸਿਲ ਦਾ ਪ੍ਰਯੋਗ ਕੀਤਾ ਜਾਂਦਾ ਹੈ ਜੋ ਕਿ ਤਿੰਨ ਛੋਟੀਆਂ ਪੁਸਤਕਾਂ ਰਾਹੀਂ ਕੀਤੇ ਜਾਂਦੇ ਹਨ। ਬਾਕੀ ਚਾਰ ਉਪਕਰਣ ਟੈਸਟ ਹਨ। ਇਹ ਬੈਟਰੀ ਹੇਠ ਲਿਖੇ 9 ਰੁਝਾਨ ਮਾਪਣ ਲਈ ਬਣਾਈ ਗਈ ਹੈ। (1) ਸਾਧਾਰਣ ਬੁੱਧੀ (2) ਸ਼ਾਬਦਿਕ ਯੋਗਤਾ (3) ਸੰਖਿਅਕ ਯੋਗਤਾ (4) ਥਾਂ ਸੰਬੰਧੀ ਯੋਗਤਾ (5) ਰੂਪ ਦਾ ਬੋਧ (6) ਕਲਰਕੀ ਬੋਧ (7) ਮੋਟਰ ਤਾਲਮੇਲ (8) ਉਂਗਲਾਂ ਦੀ ਫੁਰਤੀ (9) ਸਰੀਰਕ ਫੁਰਤੀ।

3. Thurstron Tests of Primary Mental Ability (PMA)
4. California Test of Mental Maturity (CTMM)
5. Air Man Classification Test Battery

6. Guilford Zimmerman Survey
7. Flanagan Aptitude Classification Test (FACT)

**(3) ਵਿਸ਼ੇਸ਼ ਰੁਝਾਨ ਪ੍ਰੀਖਿਆਵਾਂ (Specific Aptitude Tests) :**

ਵਿਸ਼ੇਸ਼ ਰੁਝਾਨ ਪ੍ਰੀਖਿਆਵਾਂ ਕਈ ਤਰ੍ਹਾਂ ਦੀਆਂ ਹੁੰਦੀਆਂ ਹਨ। ਇਨ੍ਹਾਂ ਵਿਚ ਮੋਟਰ ਮੁਹਾਰਤ ਟੈਸਟ, ਮਕੈਨਿਕੀ ਰੁਝਾਨ ਟੈਸਟ, ਵਿਵਸਾਇਕ ਅਤੇ ਵਿਦਿਅਕ ਰੁਝਾਨ ਟੈਸਟ ਸ਼ਾਮਿਲ ਹਨ।

ਸਾਡੇ ਰੁਝਾਨ ਅਤੇ ਉਹਨਾਂ ਨੂੰ ਮਾਪਣ ਦੀਆਂ ਵਿਧੀਆਂ ਦੀ ਚਰਚਾ ਕਰਨੀ ਸੰਭਵ ਨਹੀਂ। ਅਸੀਂ ਕੇਵਲ ਉਹਨਾਂ ਰੁਝਾਨਾਂ ਦੀ ਹੀ ਚਰਚਾ ਕਰਾਂਗੇ ਜੋ ਸਾਡੇ ਸਕੂਲਾਂ ਵਿਚ ਅਗਵਾਈ ਦੇ ਪ੍ਰੋਗਰਾਮ ਵਿਚ ਮਦਦਗਾਰ ਹੁੰਦੇ ਹਨ।

**(i) ਮਕੈਨੀਕਲ ਰੁਝਾਨ ਪ੍ਰੀਖਿਆਵਾਂ (Mechanical Aptitude Tests) :**

ਦਸਤਕਾਰੀ ਕੁਸ਼ਲਤਾ ਅਤੇ ਮਕੈਨਿਕੀ ਰੁਝਾਨ ਮਾਪਣ ਲਈ ਕਈ ਟੈਸਟ ਬਣਾਏ ਗਏ ਹਨ। ਮਕੈਨਿਕੀ ਯੋਗਤਾ ਬਹੁਤੀਆਂ ਬਾਕੀ ਯੋਗਤਾਵਾਂ ਦੀ ਤਰ੍ਹਾਂ ਇਕ ਨਾਲੋਂ ਜ਼ਿਆਦਾ ਕਾਰਨਾਂ ਦੀ ਬਣਦੀ ਹੈ ਅਤੇ ਇਸ ਲਈ ਮਕੈਨਿਕੀ ਰੁਝਾਨ ਇਕ ਇਕਾਂਤਮਕ ਗੁਣ ਨਹੀਂ ਬਲਕਿ ਕਈ ਗੁਣਾਂ ਦਾ ਮਿਲਾਪ ਹੈ। ਫਰੀਮੈਨ (Freeman) ਕਹਿੰਦਾ ਹੈ ਕਿ ''ਮਕੈਨਿਕੀ ਰੁਝਾਨਾਂ'' ਸ਼ਬਦ ਦੁਆਰਾ ਬਣਾਈ ਗਈ ਸਮਰੱਥ ਅਤੇ ਸਥਾਨ ਸੰਬੰਧੀ ਬੋਧ ਮਕੈਨਿਕੀ ਮਾਮਲਿਆਂ ਬਾਰੇ ਜਾਣਕਾਰੀ ਹਾਸਿਲ ਕਰਨ ਦੀ ਸਮਰੱਥਾ ਅਤੇ ਸੰਬੰਧਾਂ ਨੂੰ ਸਮਝਣ ਦੀ ਸਮਰੱਥਾ ਦਾ ਮਿਲਾਪ ਹੈ।

ਮਕੈਨਿਕੀ ਕਿੱਤਿਆਂ ਲਈ ਉਹਨਾਂ ਸਾਰੇ ਅੰਸ਼ਾਂ ਦੀ ਜ਼ਰੂਰਤ ਹੁੰਦੀ ਹੈ ਪਰ ਇਹ ਜ਼ਰੂਰੀ ਨਹੀਂ ਕਿ ਉਹ ਬਰਾਬਰ ਦੀ ਮਾਤਰਾ ਵਿਚ ਹੋਣ।

ਡਾ. ਤਨੇਜਾ (Dr. Taneja) ਦੇ ਸ਼ਬਦਾਂ ਵਿਚ ਅਗਵਾਈ ਦਾ ਕੰਮ ਕਰਨ ਵਾਲੇ ਨੂੰ ਇਹ ਅੰਦਾਜ਼ਾ ਲਗਾਉਣਾ ਹੁੰਦਾ ਹੈ ਕਿ ਇਕ ਵਿਅਕਤੀ ਵਿਚ ਹਰ ਅੰਸ਼ ਦੀ ਕਿੰਨੀ ਕੁਝ ਮਾਤਰਾ ਮੌਜੂਦ ਹੈ। ਫਿਰ ਵਿਅਕਤੀ ਵਿਚ ਮੌਜੂਦ ਗੁਣਾਂ ਦੀ ਉਨ੍ਹਾਂ ਸੰਭਾਵੀ ਕਿੱਤਿਆਂ ਨਾਲ ਜਿਨ੍ਹਾਂ ਵਿਚ ਇਹਨਾਂ ਗੁਣਾਂ ਦੀ ਲੋੜ ਹੁੰਦੀ ਹੈ, ਤੁਲਨਾ ਕਰਕੇ, ਉਸ ਵਿਅਕਤੀ ਨੂੰ ਆਪਣੀ ਮਕੈਨਿਕੀ ਮੁਹਾਰਤ ਦੇ ਅਨੁਸਾਰ ਸਭ ਤੋਂ ਵੱਧ ਅਨੁਕੂਲ ਕਿੱਤਿਆਂ ਨੂੰ ਚੁਣਨ ਵਿਚ ਮਦਦ ਕਰ ਸਕਦਾ ਹੈ।

ਕੁਝ ਬਹੁ-ਚਰਚਿਤ ਮਕੈਨਿਕੀ ਰੁਝਾਨ ਟੈਸਟ ਹੇਠ ਲਿਖੇ ਹਨ :

(i) Minnesota Mechanical Assembly Test (1923)
(ii) Minnesota Spatial Relations Test (1930)
(iii) The Revised Minnesota Paper From Board (1948)
(iv) Stenquist Mechanical Aptitude Test (I & II)
(v) L.J.O. Rairke's Mechanical Aptitude Test.
(vi) Bannet Tests of Mechanical Comprehension.
(vii) S.R.A. Mechanical Aptitude Test.
(viii) A Battery of Mechanical Aptitude Test (HINDI).
Prepared by Mono-Vigyan Shala Allahabad.

ਵੱਖ-ਵੱਖ ਖੋਜੀਆਂ ਦੁਆਰਾ ਮਕੈਨੀਕਲ ਰੁਝਾਨ ਟੈਸਟਾਂ ਦੀ ਪ੍ਰਭਾਵਪੂਰਣਤਾ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਪਰਖਿਆ ਗਿਆ ਹੈ। ਇਹਨਾਂ ਖੋਜਾਂ ਤੋਂ ਕੱਢੇ ਸਿੱਟੇ ਇਕ ਗੱਲ ਸੰਕੇਤ ਕਰਦੇ ਹਨ ਕਿ ਮਕੈਨਿਕੀ ਰੁਝਾਨ ਟੈਸਟਾਂ ਦੇ ਨਤੀਜੇ, ਕਦੇ ਇਕੱਲੇ ਨਹੀਂ ਲੈਣੇ ਚਾਹੀਦੇ।

ਅਗਵਾਈ ਕਰਤਾ ਨੂੰ ਕਿਸੇ ਵਿਅਕਤੀ ਨੂੰ ਉਸ ਦੇ ਭਵਿੱਖ ਦੀਆਂ ਯੋਜਨਾਵਾਂ ਅਤੇ ਕਾਰਵਾਈ ਬਾਰੇ ਫੈਸਲੇ ਕਰਨ ਵਿਚ ਮਦਦ ਕਰਨ ਤੋਂ ਪਹਿਲਾਂ ਉਸ ਦੇ ਸਕੂਲ ਵਿਚ ਪ੍ਰਾਪਤ ਕੀਤੇ ਦਰਜੇ, ਸਕੂਲ ਵਿਚ ਲਏ

ਗਏ ਕੋਰਸਾਂ ਦੀ ਕਿਸਮ ਅਤੇ ਸੰਖਿਆ ਖਾਸ ਕਰਕੇ ਉਹਨਾਂ ਕੋਰਸਾਂ ਜਿਨ੍ਹਾਂ ਵਿਚ ਮਕੈਨਿਕੀ ਮੁਹਾਰਤ ਦੀ ਲੋੜ ਹੈ, ਉਸ ਦੀਆਂ ਰੁਚੀਆਂ ਅਤੇ ਸ਼ੌਕ ਅਤੇ ਮਕੈਨਿਕੀ ਰੁਝਾਨ ਟੈਸਟਾਂ ਵਿਚ ਹਾਸਲ ਕੀਤੇ ਅੰਕਾਂ ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ।

**(ii) ਕਲਰਕੀ ਰੁਝਾਨ ਟੈਸਟ (Clerical Aptitude Test) :**

ਮਕੈਨਿਕੀ ਰੁਝਾਨ ਵਾਂਗ ਹੀ ਕਲਰਕੀ ਰੁਝਾਨ ਕਈ ਗੁਣਾਂ ਦਾ ਜੋੜ ਹੁੰਦੇ ਹਨ। ਸੁਪਰ (Super) ਦੇ ਅਨੁਸਾਰ, ਇਹ ਦੈਨਿਕ ਕਲਰਕੀ ਕੰਮ ਦੀ ਯੋਗਤਾ ਹੈ। ਕਲਰਕੀ ਰੁਝਾਨ ਕੇਵਲ ਦਫਤਰੀ ਕਲਰਕਾਂ ਤੱਕ ਹੀ ਸੀਮਤ ਨਹੀਂ। ਸਗੋਂ ਇਹ ਹਰ ਸੰਬੰਧਿਤ ਕੰਮਾਂ ਨਾਲ ਹੀ ਸੰਬੰਧਿਤ ਹੁੰਦੀ ਹੈ। ਬਿੰਘਮ (Bingham) ਦੇ ਅਨੁਸਾਰ ਕਲਰਕੀ ਕੰਮਾਂ ਵਿਚ ਹੇਠ ਲਿਖੀਆਂ ਪ੍ਰਮੁੱਖ ਮਾਨਸਿਕ ਯੋਗਤਾਵਾਂ ਕੰਮ ਕਰਦੀਆਂ ਪਾਈਆਂ ਗਈਆਂ ਹਨ :

(ੳ) ਅਨੁਬੋਧਿਕ ਜਾਂ ਪ੍ਰਤੱਖ ਗਿਆਨੀ ਯੋਗਤਾ (Perceptual Ability) : ਸ਼ਬਦਾਂ ਅਤੇ ਨੰਬਰਾਂ ਨੂੰ ਤੇਜ਼ੀ ਅਤੇ ਸ਼ੁੱਧਤਾ ਨਾਲ ਵੇਖਣ ਦੀ ਯੋਗਤਾ।

(ਅ) ਬੌਧਿਕ ਯੋਗਤਾ (Intellectual Ability) : ਸ਼ਬਦਾਂ ਅਤੇ ਉਨ੍ਹਾਂ ਦੇ ਅਰਥਾਂ ਨੂੰ ਸਮਝਣ ਦੀ ਯੋਗਤਾ।

(ੲ) ਮੋਟਰ ਯੋਗਤਾ (Motor Ability) : ਵੱਖ-ਵੱਖ ਤਰ੍ਹਾਂ ਦੇ ਔਜ਼ਾਰਾਂ ਜਿਵੇਂ ਕਿ ਟਾਈਪ ਰਾਈਟਰ, ਡੁਪਲੀਕੇਟਰ, ਪੇਂਟਿੰਗ ਮਸ਼ੀਨ ਆਦਿ ਦੇ ਇਸਤੇਮਾਲ ਦੀ ਯੋਗਤਾ।

ਕਰੋ ਅਤੇ ਕਰੋ (Crow and Crow) ਦਾ ਕਹਿਣਾ ਹੈ ਕਿ ਕਈ ਵਿਸ਼ੇਸ਼ ਕਿੱਤੇ ਵੀ ਕਲਰਕੀ ਦੇ ਖੇਤਰ ਵਿਚ ਸ਼ਾਮਿਲ ਕੀਤੇ ਜਾਂਦੇ ਹਨ, ਇਸ ਲਈ ਰੁਝਾਨ ਦੇ ਟੈਸਟ ਕਾਰਵਾਈ ਦੀ ਕਿਸਮ ਦੇ ਮੁਤਾਬਿਕ ਬਣੇ ਟੈਸਟ ਦੇ ਅਨੁਸਾਰ ਵਿਸ਼ੇਸ਼ ਹੋਣੇ ਚਾਹੀਦੇ ਹਨ।

ਮੌਜੂਦਾ ਕਲਰਕੀ ਟੈਸਟਾਂ ਵਿਚ ਵਿਸ਼ਲੇਸ਼ਣ ਦੁਆਰਾ ਪਾਏ ਗਏ ਕਲਰਕੀ ਰੁਝਾਨ ਦੇ ਕਾਰਕ ਇਸ ਪ੍ਰਕਾਰ ਹਨ :

1. ਸਰਲ ਕਲਰਕੀ ਕੰਮ ਵਿਚ ਰਫ਼ਤਾਰ ਤੇ ਸ਼ੁੱਧਤਾ
2. ਸਰਲ ਅੰਤਰ ਕਰਨ ਵਿਚ ਰਫ਼ਤਾਰ
3. ਥਾਂ ਸੰਬੰਧੀ ਯੋਗਤਾ
4. ਹਿਲਜੁੱਲ ਯੋਗਤਾ ਵਿਚ ਰਫ਼ਤਾਰ
5. ਪ੍ਰੇਖਣ ਅਤੇ ਤੁਲਨਾ ਕਰਨ ਵਿਚ ਯੋਗਤਾ

ਰੁਝਾਨ ਟੈਸਟ ਤੋਂ ਇਲਾਵਾ ਕਲਰਕੀ ਰੁਝਾਨ ਮਾਪਣ ਵਿਚ ਹੇਠ ਲਿਖੇ ਕਾਰਕ ਵੀ ਮਦਦ ਕਰਦੇ ਹਨ।

(1) ਅਕਾਦਮਿਕ ਵਿਸ਼ਿਆਂ ਵਿਚ ਹਾਸਿਲ ਕੀਤੇ ਦਰਜੇ (2) ਸਮਾਜਿਕ ਯੋਗਤਾ (3) ਸ਼ੌਕ ਅਤੇ ਕਿੱਤਾ ਰੁੱਚੀਆਂ।

**ਕਲਰਕੀ ਰੁਝਾਨ ਟੈਸਟ (Test of Clerical Aptitude) :**

ਕਲਰਕੀ ਰੁਝਾਨ ਟੈਸਟ ਵਿਚ ਕਈ ਪ੍ਰਕਾਰ ਦੀਆਂ ਮਦਾਂ ਹੁੰਦੀਆਂ ਹਨ ਜਿਨ੍ਹਾਂ ਵਿਚ ਕਈਆਂ ਦੀ ਕਾਫੀ ਹੱਦ ਤਕ ਸਾਧਾਰਣ ਬੁੱਧੀ ਟੈਸਟ ਦੇ ਅੰਕਾਂ ਨਾਲ ਤੁਲਨਾ ਕੀਤੀ ਜਾਂਦੀ ਹੈ ਪਰੰਤੂ ਇਨ੍ਹਾਂ ਵਿਚ ਅੰਤਰ ਇਸ ਪੱਖ ਤੋਂ ਹੁੰਦਾ ਹੈ ਕਿ ਇਹ ਚੁਣੇ ਹੋਏ ਸਾਧਨ ਹੀ ਮਹੱਤਵਪੂਰਨ ਹਨ ਜੋ ਕਿ ਕਲਰਕੀ ਕਿੱਤਿਆਂ ਵਿਚ ਮਹੱਤਵ ਰਖਦੇ ਹਨ। ਕਲਰਕੀ ਰੁਝਾਨ ਦੇ ਛੇ ਟੈਸਟਾਂ ਵਿਚ ਸਹਿ-ਟੈਸਟ ਵੀ ਹਨ।

| ਟੈਸਟ (Test) | ਉਪ-ਟੈਸਟ (Sub-Test) |
|---|---|
| 1. ਡੈਟਰਾਈਟ ਕਲਰਕੀ ਟੈਸਟ (Detroit Clerical Test) | • ਹੱਥ-ਲਿਖਤ ਦਰ ਅਤੇ ਪੁਰਖਯੋਗਤਾ, ਦਰ ਅਤੇ ਸ਼ੁੱਧਤਾ<br>• ਸਾਧਾਰਣ ਹਿਸਾਬ |

- ਮੋਟਰ ਗਤੀ ਅਤੇ ਸ਼ੁੱਧਤਾ
- ਸਾਧਾਰਣ ਵਿਉਪਾਰਕ ਸ਼ਬਦਾਂ ਦਾ ਗਿਆਨ
- ਤਸਵੀਰਾਂ ਦਾ ਅਸਤ-ਵਿਅਸਤ ਕਰਨਾ
- ਵਰਗੀਕਰਨ : ਦਰ ਅਤੇ ਸ਼ੁੱਧਤਾ, ਵਰਨ-ਕ੍ਰਮੀ ਭਰਾਈ

2. ਸਾਧਾਰਣ ਕਲਰਕੀ ਟੈਸਟ (General Clerical Test)
- ਮੇਚਣਾ-ਨਾਮਾਂ ਅਤੇ ਨੰਬਰਾਂ ਵਿਚ ਗਲਤੀਆਂ ਲੱਭਣਾ
- ਵਰਨ-ਕ੍ਰਮੀ ਅਤੇ ਭਰਾਈ
- ਗਣਿਤ : ਕੁੱਲ ਜੋੜ ਵਿਚੋਂ ਗਲਤੀਆਂ ਲੱਭਣਾ
- ਗਣਿਤ ਨਾਲ ਸੰਬੰਧਿਤ ਸਮੱਸਿਆਵਾਂ
- ਸ਼ਬਦ-ਜੋੜ
- ਵਿਸਤਾਰ ਸਹਿਤ ਪੜ੍ਹਨਾ, ਸ਼ਬਦ-ਅਰਥ

3. ਮਿਨੀਸੋਟਾ (Minnesota)
- ਨੰਬਰ ਤੁਲਨਾ
- ਨਾਮ ਤੁਲਨਾ

4. ਪੂਰਡਯੂ (Purdue)
- ਸ਼ਬਦ-ਜੋੜ
- ਗਿਣਤੀ ਕਰਨਾ
- ਗਤੀ ਨੂੰ ਜਾਂਚਨਾ
- ਸ਼ਬਦ-ਅਰਥ
- ਕਾਪੀ ਕਰਨਾ-ਸ਼ੁੱਧਤਾ
- ਤਰਕ

5. ਥੋੜ੍ਹੇ ਸਮੇਂ ਲਈ ਰੁਜ਼ਗਾਰ (Short Employment)
- ਸਾਂਖਿਅਕੀ ਪ੍ਰਕ੍ਰਿਆ
- ਸ਼ਬਦ-ਅਰਥ
- ਵਰਗੀਕਰਣ ਅਤੇ ਭਰਾਈ

6. ਟਰਸੇਅ (Turse)
- ਮੌਖਿਕ
- ਨੰਬਰ ਯੋਗਤਾ
- ਦਿਸ਼ਾਵਾਂ ਬਾਰੇ ਲਿਖਣਾ
- ਗਤੀ ਨੂੰ ਜਾਂਚਨਾ
- ਵਰਗੀਕਰਣ ਅਤੇ ਲੱਭਣਾ
- ਵਰਣ-ਕ੍ਰਮੀ

**(iii) ਸੰਗੀਤ ਰੁਝਾਨ ਟੈਸਟ (Musical Aptitude Test) :** ਸੰਗੀਤ ਦੇ ਹੁਨਰ ਦੇ ਖੇਤਰ ਵਿਚ ਹੋਰ ਖੇਤਰ ਨਾਲੋਂ ਰੁਝਾਨਾਂ ਦੀ ਵਿਸ਼ਿਸਟ ਮਾਤਰਾ ਦੀ ਜ਼ਿਆਦਾ ਲੋੜ ਹੁੰਦੀ ਹੈ। ਸੰਗੀਤ ਯੋਗਤਾ ਦੇ ਤਿੰਨ ਪੱਖ ਹਨ।

(i) ਚਾਲਕ ਪੱਖੋਂ (Motor Aspect) : ਇਸ ਵਿਚ ਸਾਜ਼ ਵਜਾਉਣ ਵੇਲੇ ਕਿਰਿਆ ਦੇ ਨਮੂਨੇ ਵਿਚ ਮੁਹਾਰਤ ਦੀ ਲੋੜ ਹੁੰਦੀ ਹੈ।

(ii) ਅੰਤਰ ਪ੍ਰਗਟਾਉ ਪੱਖ (Prescriptive Aspects) : ਇਸ ਵਿਚ ਕਈ ਤਰ੍ਹਾਂ ਦੇ ਸੰਵੇਦਨਾਤਮਕ ਅੰਤਰ ਅਤੇ ਗੁੰਝਲਦਾਰ ਸੰਗੀਤਕ ਸੰਬੰਧ ਆਉਂਦੇ ਹਨ ਜਿਵੇਂ ਸੁਰ ਦੀ ਰਚਨਾ, ਸੁਰ-ਅਨੁਕ੍ਰਮ ਅਤੇ ਨਮੂਨੇ ਆਦਿ।

(iii) ਵਿਆਖਿਆ ਪੱਖ (Interpretative Aspect) : ਇਸ ਵਿਚ ਸੁਰ ਤਾਲ ਅਤੇ ਇਕਸਾਰਤਾ ਸੰਬੰਧੀ

ਸੁਹਜ ਸੁਆਦ ਨਿਰਣਾ ਆਉਂਦਾ ਹੈ।

1. Sea-Shore Measure of Musical Ability : ਇਸ ਪ੍ਰੀਖਿਆ ਦਾ ਮੁੱਖ ਉਦੇਸ਼ ਸਾਧਾਰਨ ਸੰਵੇਦਨਾਤਮਕ ਅੰਤਰ ਮਾਪਣਾ ਸੀ। ਇਹ ਹੇਠ ਲਿਖੇ ਸੰਗੀਤਕ ਭਾਗਾਂ ਨੂੰ ਧਿਆਨ ਵਿਚ ਰੱਖਦਾ ਹੈ :

(1) ਸੁਰ ਦੇ ਉਤਾਰ-ਚੜਾਅ ਦਾ ਅੰਤਰ (2) ਭਾਰੇਪਨ ਦੀ ਤੀਬਰਤਾ ਦਾ ਅੰਤਰ (3) ਸਮੇਂ ਦੀ ਵਿਥ ਦਾ ਅੰਤਰ (4) ਟਿੰਬਰ (Timber) ਦਾ ਅੰਤਰ (5) ਲੈਯ ਦੀ ਪਰਖ ਅਤੇ ਸੁਰ ਦੀ ਯਾਦ (Tonal Memory)

ਡਾ. ਤਨੇਜਾ ਦਾ ਕਹਿਣਾ ਹੈ ਕਿ ਆਲੋਚਕਾਂ ਨੇ ਸੰਗੀਤਕ ਯੋਗਤਾਵਾਂ ਦੇ ਇਸ ਤਰ੍ਹਾਂ ਦੇ ਵਿਸ਼ਲੇਸ਼ਣ ਦਾ ਵਿਰੋਧ ਕੀਤਾ ਹੈ ਕਿਉਂਕਿ ਇਹ ਅਸਲ ਵਿਚ ਸੰਗੀਤਕ ਯੋਗਤਾਵਾਂ ਨਹੀਂ ਬਣਾਉਂਦੇ।

(2) The Wing Standardized Test of Musical Intelligence : ਇਹ ਟੈਸਟ ਇੰਗਲੈਂਡ ਵਿਚ ਸੰਗੀਤਕ ਸੰਬੰਧ ਅਤੇ ਕਲਾਤਮਕ ਚੋਣਾਂ ਮਾਪਣ ਲਈ ਬਣਾਇਆ ਗਿਆ ਸੀ। ਇਸ ਦੇ ਹੇਠ ਲਿਖੇ ਸੱਤ ਵਿਸ਼ੇ ਹਨ :

ਸੁਰ ਦਾ ਵਿਸ਼ਲੇਸ਼ਣ (Short Analysis), ਸੁਰ ਪਰਿਵਰਤਨ (Pitch Change), ਯਾਦ, ਸੁਰ, ਮੇਲ ਭਾਵੁਕਤਾ, ਲੈਅ ਵਾਲੇ ਸੁਰ ਅਤੇ ਵਾਕਾਂਸ਼ ਵਿਚ ਵੰਡਣਾ। ਇਹ ਪ੍ਰੀਖਿਆਵਾਂ ਪੱਛਮੀ ਸੰਗੀਤ ਨਾਲ ਸੰਬਧ ਰੱਖਦੀਆਂ ਹਨ, ਇਸ ਲਈ ਭਾਰਤੀ ਸੰਗੀਤ ਲਈ ਸ਼ਾਇਦ ਲਾਗੂ ਨਾ ਹੋਣ।

**ਹੁਨਰ ਰੁਝਾਨ ਟੈਸਟ (Aptitude of Graphic Art) :** ਹੁਨਰ ਯੋਗਤਾ ਸਾਧਾਰਨ ਬੌਧਿਕ ਟੈਸਟਾਂ ਤੋਂ ਦੱਸੀ ਜਾ ਸਕਦੀ ਹੈ। ਇਸ ਲਈ ਹੁਨਰ ਵਿਚ ਪ੍ਰਤਿਭਾ ਨੂੰ ਪਛਾਨਣ ਲਈ ਕੁਝ ਟੈਸਟਾਂ ਦਾ ਹੋਣਾ ਜ਼ਰੂਰੀ ਹੈ। ਕੁਝ ਹੁਨਰ ਰੁਝਾਨ ਟੈਸਟ ਹੇਠ ਦਿੱਤੇ ਅਨੁਸਾਰ ਹਨ :

1. The Meier Art Judgement Test : ਇਹ ਇਕ ਮਹੱਤਵਪੂਰਨ ਟੈਸਟ ਹੈ ਅਤੇ ਸਾਡੇ ਦੇਸ਼ ਵਿਚ ਵੀ ਵਰਤਿਆ ਜਾਂਦਾ ਹੈ। ਇਸ ਨੂੰ ਵਿਆਪਕ ਢੰਗ ਨਾਲ ਕਲਾਤਮਕ ਪੱਖ ਮਾਪਣ ਲਈ ਵਰਤਿਆ ਜਾਂਦਾ ਹੈ। ਇਹ (Meier-Seashore Act Judgement Test) ਦਾ ਪੁਨਰ-ਨਿਰੀਖਣ ਹੈ। ਤਸਵੀਰਾਂ ਦੇ ਹਰ ਜੋੜੇ ਵਿਚ ਇਕ ਮਹਾਨ ਕਲਾਕਾਰ ਦੁਆਰਾ ਬਣਾਈ ਗਈ ਇਕ ਤਸਵੀਰ ਹੁੰਦੀ ਹੈ ਅਤੇ ਉਸ ਤਸਵੀਰ ਦੀ ਕਲਾਤਮਕ ਖੂਬੀ ਬਣਾਉਣ ਲਈ ਉਸ ਵਿਚ ਪਰਿਵਰਤਨ ਕੀਤਾ ਜਾਂਦਾ ਹੈ। ਕਰਤਾ ਦੁਆਰਾ ਅਪਰਿਵਰਤਿਤ ਤਸਵੀਰਾਂ ਨੂੰ ਬੇਹਤਰ ਦੱਸਣ ਦੇ ਨੰਬਰ ਤੋਂ ਉਸ ਦੇ ਅੰਕ ਲਗਾਏ ਜਾਂਦੇ ਹਨ। ਇਸ ਲਈ ਸਮੇਂ ਦੀ ਕੋਈ ਪਾਬੰਦੀ ਨਹੀਂ ਹੁੰਦੀ।

2. Graves Design Judgement Tests : ਇਹ ਟੈਸਟ ਕਦਰਦਾਨੀ ਅਤੇ ਸਿੱਖਣ ਦੀ ਤੱਤਪਰਤਾ ਮਾਪਣ ਲਈ ਬਣਾਇਆ ਗਿਆ ਹੈ।

3. Kauver Art Ability Test : ਇਹ ਟੈਸਟ ਵਿਦਿਆਰਥੀਆਂ ਦੀ ਹੁਨਰ ਵਿਚ ਪ੍ਰਗਤੀ ਅਤੇ ਨਿਰੀਖਣ ਦੀ ਪ੍ਰਕਾਰ ਦਾ ਜਾਇਜਾ ਲੈਣ ਲਈ ਲਾਭਦਾਇਕ ਹੈ।

4. Horn Art Aptitude Inventory : ਇਹ ਟੈਸਟ ਹੁਨਰ ਸਕੂਲਾਂ ਵਿਚ ਦਾਖਲਾ ਲੈਣ ਵਾਲੇ ਉਮੀਦਵਾਰਾਂ ਨਾਲ ਵਰਤਣ ਲਈ ਬਣਾਇਆ ਗਿਆ ਸੀ।

5. McAdory Art Test : ਇਸ ਟੈਸਟ ਵਿਚ 72 ਪਲੇਟਾਂ ਹੁੰਦੀਆਂ ਹਨ ਤੇ ਹਰ ਪਲੇਟ ਤੇ ਇਕੋ ਤਸਵੀਰ ਦੀਆਂ ਚਾਰ ਵੱਖ ਵੱਖ ਕਿਸਮਾਂ ਹੁੰਦੀਆਂ ਹਨ। ਕਰਤਾ ਨੇ ਚਾਰ ਵੱਖ ਵੱਖ ਕਿਸਮਾਂ ਵਿਚ ਫ਼ਰਕ ਦਸਣਾ ਹੁੰਦਾ ਹੈ।

### (iv) ਸਿੱਖਿਆ ਸੰਬੰਧੀ ਅਤੇ ਕਿੱਤਾ ਰੁਝਾਨ ਟੈਸਟ

**(Tests of Scholastic and Professional Aptitude)**

ਇਹ ਟੈਸਟ ਵਿਸ਼ਿਸ਼ਟ ਕੋਰਸਾਂ ਜਾਂ ਕਿੱਤਿਆਂ ਜਿਵੇਂ ਕਿ ਇੰਜੀਨੀਅਰਿੰਗ, ਡਾਕਟਰੀ, ਵਕਾਲਤ, ਬਿਜਨੈਸ ਮੈਨੇਜਮੈਂਟ, ਅਧਿਆਪਨ ਆਦਿ ਦੀ ਸਿੱਖਿਆ ਵਾਸਤੇ ਵਿਦਿਆਰਥੀਆਂ ਦੀ ਸਹੀ ਚੋਣ ਲਈ ਬਣਾਏ ਗਏ ਹਨ। ਇਨ੍ਹਾਂ ਵਿਚੋਂ ਕੁਝ ਟੈਸਟ ਹੇਠ ਲਿਖੇ ਅਨੁਸਾਰ ਹਨ :

1. **ਡਾਕਟਰੀ ਸੰਬੰਧਿਤ ਖੇਤਰਾਂ ਵਿਚ ਰੁਝਾਨ ਟੈਸਟ (Aptitude Test in Medical and Related Fields)**

(ੳ) Moss ਦੁਆਰਾ ਬਣਾਇਆ ਗਿਆ ਮੈਡੀਕਲ ਸਕੂਲ ਸਕਾਲੈਸਟਿਕ ਟੈਸਟ (Medical School Scholastic Test by Moss)

(ਅ) ਲੋਵਾ ਡੈਂਟਲ ਕਵਾਲੀਫ਼ਾਈਂਗ ਐਗਜ਼ਾਮੀਨੇਸ਼ਨ (Lowa Dental Qualifying Examination)

(ੲ) ਜਾਰਜ ਵਾਸ਼ਿੰਗਟਨ ਯੂਨੀਵਰਸਿਟੀ ਦੀ ਨਰਸਿੰਗ ਟੈਸਟਾਂ ਦੀ ਲੜੀ (George Washington University Series of Nursing Tests)

(ਸ) Orton & Martin ਦੁਆਰਾ ਬਣਾਇਆ ਡਾਕਟਰੀ ਵਿਦਿਆਰਥੀਆਂ ਦਾ ਮਨੋਵਿਗਿਆਨਕ ਸਕ੍ਰੀਨਿੰਗ ਟੈਸਟ

2. **ਵਕਾਲਤ, ਇੰਜੀਨੀਅਰਿੰਗ ਅਤੇ ਵਿਗਿਆਨ ਖੋਜ ਰੁਝਾਨ ਦੇ ਟੈਸਟ (Aptitude Test in Law, Engineering and Scientific Research)**

(ੳ) Ferson Stoddard ਦਾ ਕਾਨੂੰਨ ਰੁਝਾਨ ਐਗਜ਼ਾਮੀਨੇਸ਼ਨ (Ferson Stoddard Law Aptitude Examination)

(ਅ) ਕਾਨੂੰਨ ਸਕੂਲ ਦਾਖਲਾ ਟੈਸਟ (Law School Admission Test (LSAT)

(ੲ) ਬਿਨੈ ਦਾ ਮਕੈਨੀਕਲ ਪੂਰਤੀ ਟੈਸਟ (Bennet Mechanical Completion Test)

(ਸ) ਪ੍ਰੀ-ਇੰਜੀਨੀਅਰਿੰਗ ਅਤੇ ਸਰੀਰਕ ਵਿਗਿਆਨ ਰੁਝਾਨ ਟੈਸਟ (Pre-Engineering, Physical Science Aptitude Test)

(ਹ) ਸਟੈਨਫੋਰਡ ਦਾ ਰੁਝਾਨ ਟੈਸਟ (Stanford Aptitude Test)

**ਫੁੱਟਕਲ (Miscellaneous) :**

1. CEE ਬੋਰਡ ਸਿੱਖਿਆ ਸੰਬੰਧੀ ਰੁਝਾਨ ਟੈਸਟ (Scholastic Aptitude Test of CEE Board)
2. ਜਾਰਜ ਵਾਸ਼ਿੰਗਟਨ ਯੂਨੀਵਰਸਿਟੀ ਦੇ ਸਮਾਜਿਕ ਬੁੱਧੀ ਟੈਸਟ (George Washington University Social Intelligence Test)
3. ਗਰੈਜੂਏਟ ਰਿਕਾਰਡ ਐਗਜ਼ਾਮੀਨੇਸ਼ਨ (Graduate Record Examination)

ਭਾਰਤ ਵਿਚ ਵੀ ਕਈ ਰੁਝਾਨ ਟੈਸਟ ਬਣਾਏ ਗਏ ਹਨ ਅਤੇ ਸਫ਼ਲਤਾਪੂਰਵਕ ਵਰਤੇ ਜਾ ਰਹੇ ਹਨ। ਵਿਦੇਸ਼ੀ ਰੁਝਾਨ ਟੈਸਟਾਂ ਦੀਆਂ ਕਈ ਅਨੁਕੂਲਿਤ ਕਿਸਮਾਂ ਵੀ ਉਪਲਬੱਧ ਹਨ।

### 3.3.1 ਰੁਝਾਨ ਪ੍ਰੀਖਿਆਵਾਂ ਦੇ ਉਪਯੋਗ (Uses of Aptitude Tests) :

ਰੁਝਾਨ ਪ੍ਰੀਖਿਆਵਾਂ ਦੀ ਵਰਤੋਂ ਅਤੇ ਉਪਯੋਗਤਾ ਦਾ ਇਕ ਵਿਸ਼ਾਲ ਖੇਤਰ ਹੈ। ਇਨ੍ਹਾਂ ਪ੍ਰੀਖਿਆਵਾਂ ਦੇ ਸਿੱਖਿਆਤਮਕ ਅਤੇ ਅਗਵਾਈ ਸੰਬੰਧੀ ਉਪਯੋਗੀ ਹਨ ਅਤੇ ਪ੍ਰਸ਼ਾਸ਼ਕੀ ਅਤੇ ਖੋਜ ਸੰਬੰਧੀ ਕੰਮਾਂ ਵਿਚ ਮਦਦ ਕਰਦੇ ਹਨ।

ਕਿਸੇ ਖਾਸ ਜਮਾਤ ਦੇ ਵਿਦਿਆਰਥੀਆਂ ਦੇ ਰੁਝਾਨ ਪ੍ਰੀਖਿਆਵਾਂ ਦੇ ਅੰਕਾਂ ਦੇ ਪੱਧਰ ਤੋਂ ਅਧਿਆਪਕ ਆਪਣੇ ਜਮਾਤ ਦੀ ਸਮੱਗਰੀ (Material) ਦੀ ਉਪਯੁਕਤਾ ਬਾਰੇ ਮੁਲਾਂਕਣ ਕਰ ਸਕਦਾ ਹੈ। ਸਾਧਾਰਨ ਰੁਝਾਨ ਪ੍ਰੀਖਿਆ ਦੇ ਅੰਕਾਂ ਦਾ ਗਿਆਨ ਅਧਿਆਪਕ ਨੂੰ ਆਪਣੀ ਜਮਾਤ ਵਿਚ ਹਰ ਵਿਦਿਆਰਥੀ ਨੂੰ ਦਿੱਤੀ ਜਾਣ ਵਾਲੀ ਸਮੱਗਰੀ ਬਾਰੇ ਬਿਹਤਰ ਫੈਸਲਾ ਲੈਣ ਦੀ ਸਮੱਰਥਾ ਦੇਂਦਾ ਹੈ। ਰੁਝਾਨ ਪ੍ਰੀਖਿਆ ਵਿਚ ਪ੍ਰਾਪਤ ਕੀਤੇ ਅੰਕ ਸਿੱਖਿਆ ਸੰਬੰਧੀ ਨੀਤੀਆਂ ਬਣਾਉਣ ਵਿਚ ਹੋਰ ਵੀ ਮਦਦਗਾਰ ਹੋਣੇ ਚਾਹੀਦੇ ਹਨ।

### ੳ) ਅਗਵਾਈ ਦੇ ਕੰਮਾਂ ਵਿਚ ਰੁਝਾਨ ਪ੍ਰੀਖਿਆਵਾਂ ਦਾ ਉਪਯੋਗ (Use of Aptitude Tests for Guidance Purposes) :

ਰੁਝਾਨ ਪ੍ਰੀਖਿਆਵਾਂ ਅਗਵਾਈ ਸੇਵਾਵਾਂ ਦਾ ਆਸਰਾ ਹੁੰਦੀਆਂ ਹਨ। ਇਹ ਪ੍ਰੀਖਿਆਵਾਂ ਸਿੱਖਿਆ ਸੰਬੰਧੀ, ਕਿੱਤਾ ਸੰਬੰਧੀ ਅਤੇ ਵਿਅਕਤੀਗਤ ਅਗਵਾਈ ਅਤੇ ਪ੍ਰਾਮਰਸ਼ ਵਿਚ ਉਪਯੋਗੀ ਹੋ ਸਕਦੀਆਂ ਹਨ। ਇਹ ਪ੍ਰੀਖਿਆਵਾਂ ਦੇ ਨਤੀਜੇ ਕਾਫ਼ੀ ਹੱਦ ਤੱਕ ਨਿਸ਼ਚਿਤਤਾ ਨਾਲ ਕਿਰਿਆ ਦੇ ਉਨ੍ਹਾਂ ਖੇਤਰਾਂ ਦਾ ਪਤਾ ਲਗਾਉਣ ਵਿਚ ਮੱਦਦ ਕਰਦੇ ਹਨ ਜਿਨ੍ਹਾਂ ਵਿਚ ਇਕ ਵਿਅਕਤੀ ਸਭ ਤੋਂ ਜ਼ਿਆਦਾ ਜਾਂ ਸਭ ਤੋਂ ਘੱਟ ਸਫ਼ਲ ਹੋ ਸਕਦਾ ਹੈ। ਇਹ ਕੁਝ ਪ੍ਰੀਖਿਆਵਾਂ ਨੌਜਵਾਨਾਂ ਅਤੇ ਨਵ-ਯੁਵਕਾਂ ਨੂੰ ਦੋ ਖਾਸ ਖੇਤਰਾਂ ਅਤੇ ਕਿੱਤਿਆਂ ਦੀ ਚੋਣ ਵਿਚ ਮੱਦਦ ਕਰਨ ਵਿਚ ਉਪਯੋਗੀ ਸਿੱਧ ਹੁੰਦੇ ਹਨ।

ਸਾਧਾਰਨ ਰੁਝਾਨ ਅੰਕਾਂ ਅਤੇ ਸਿਖਲਾਈ ਪ੍ਰੋਗਰਾਮਾਂ ਦੀ ਸਰਲਤਾ ਵਿਚਕਾਰ ਸੰਬੰਧ 40 ਅਤੇ 50 (Ghiselli 1966) ਵਿਚਕਾਰ ਹੁੰਦਾ ਹੈ। ਇਹ ਆਪਸੀ ਸੰਬੰਧੀ ਹੋਰ ਵੀ ਉਚੇਰੇ ਹੋਣ ਜੇ ਸਿਖਲਾਈ ਪ੍ਰੋਗਰਾਮਾਂ ਵਿਚ ਰੁਝਾਨ ਅੰਕਾਂ ਦੇ ਆਧਾਰ ਕੀਤੀ ਜਾਵੇ।

### ਅ) ਰੁਝਾਨ ਪ੍ਰੀਖਿਆਵਾਂ ਕਿੱਤਾ ਅਗਵਾਈ ਵਿਚ ਇਕ ਖਾਸ ਭੂਮਿਕਾ ਨਿਭਾਉਂਦੀਆਂ ਹਨ (Aptitude Tests Play a Special Role in Vocational Guidance) :

ਐਨ. ਐਲ. ਮੁਨ (N.L. Munn) ਦੇ ਸ਼ਬਦਾਂ ਵਿਚ, ''ਰੁਝਾਨ ਪ੍ਰੀਖਿਆ ਦਾ ਮੁੱਖ ਮਹੱਤਵ ਅਸਲ ਵਿਚ ਇਹ ਹੈ ਕਿ ਇਹ ਸਾਨੂੰ ਉਨ੍ਹਾਂ (ਵਿਅਕਤੀਆਂ) ਵਿਚੋਂ ਜੋ ਹਾਲੇ ਕੋਈ ਨਿਸ਼ਚਿਤ ਕੁਸ਼ਲਤਾ ਜਾਂ ਚੱਜ ਦਿਖਾਉਣ ਦੀ ਯੋਗਤਾ ਨਹੀਂ ਰੱਖਦੇ, ਅਤੇ ਉਹ ਜੋ ਉਚਿਤ ਮਾਤਰਾ ਵਿਚ ਸਿਖਲਾਈ ਨਾਲ, ਚਰਚਾ ਅਧੀਨ ਆਉਂਦੀ ਕੁਸ਼ਲਤਾ ਹਾਸਲ ਕਰ ਸਕਣਗੇ ਅਤੇ ਉਸ ਵਿਚ ਲੋੜੀਂਦੇ ਪੱਧਰ ਤਕ ਨਿਪੁੰਨਤਾ ਹਾਸਲ ਕਰਨਗੇ, ਚੁਣਨ ਦੇ ਯੋਗ ਬਣਾਉਂਦੀ ਹੈ।''

ਕਿੱਤਾ ਅਗਵਾਈ ਵਿਚ ਇਕ ਵਿਅਕਤੀ ਨੂੰ ਉਸ ਦੇ ਅਨੁਕੂਲ ਕੰਮ ਜਾਂ ਨੌਕਰੀ ਬਾਰੇ ਸਲਾਹ ਦਿੱਤੀ ਜਾਂਦੀ ਹੈ। ਪ੍ਰਾਮਰਸ਼ ਕਰਤਾ ਉਸ ਦੀ ਰੁਝਾਨ ਪ੍ਰੀਖਿਆ ਲੈਂਦਾ ਹੈ, ਇਸ ਪ੍ਰੀਖਿਆ ਵਿਚ ਉਸ ਦੀਆਂ ਰੁਚੀਆਂ ਨਾਲ ਸੰਬੰਧਤ ਯੋਗਤਾਵਾਂ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪ੍ਰਾਮਰਥ ਕਰਤਾ ਸ਼ਾਇਦ ਕਿਸੇ ਵਿਅਕਤੀ ਨੂੰ ਕਦੇ ਵੀ ਕਿਸੇ ਖਾਸ ਕੰਮ ਨੂੰ ਕਰਨ ਜਾਂ ਛੱਡਣ ਲਈ ਸਾਫ਼ ਤੌਰ ਤੇ ਨਹੀਂ ਕਹੇਗਾ। ਉਹ ਸਿਰਫ਼ ਉਸ ਵੱਲ ਇਸ਼ਾਰਾ ਕਰਦਾ ਹੈ। ਇਥੇ ਇਸ ਗੱਲ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ ਕਿ ਇਕ ਵਿਅਕਤੀ ਕਿਸੇ ਕਿੱਤੇ ਵਿਚ ਕੇਵਲ ਰੁਝਾਨ ਪ੍ਰੀਖਿਆ ਦੇ ਨਤੀਜੇ ਦੇ ਆਧਾਰ ਤੇ ਸ਼ਾਇਦ ਸਫ਼ਲਤਾ ਨਾ ਹਾਸਲ ਕਰ ਸਕੇ। ਉਸ ਦਾ ਰੁਝਾਨ ਜਾਨਣ ਤੋਂ ਬਾਅਦ ਇਹ ਜ਼ਰੂਰੀ ਹੈ ਉਹ ਉਚਿਤ ਸਿਖਲਾਈ ਹਾਸਲ ਕਰੇ।

ਇਸ ਤਰ੍ਹਾਂ ਰੁਝਾਨ ਪ੍ਰੀਖਿਆ ਕਿੱਤਾ ਅਗਵਾਈ ਅਤੇ ਚੋਣ ਵਿਚ ਇਕ ਮਹੱਤਵਪੂਰਣ ਭੂਮਿਕਾ ਅਦਾ ਕਰਦੀ ਹੈ। ਇਹ ਗੱਲ ਧਿਆਨ ਵਿਚ ਰੱਖਣ ਯੋਗ ਹੈ ਕਿ ਜਦੋਂ ਰੁਝਾਨ ਪ੍ਰੀਖਿਆ ਨੂੰ ਹੋਰ ਜਾਣਕਾਰੀ, ਜੋ ਕਿ ਰੁੱਚੀ ਸੂਚੀ, ਸ਼ਖਸੀਅਤ ਪ੍ਰੀਖਿਆ ਆਦਿ ਤੋਂ ਹਾਸਲ ਕੀਤੀ ਜਾਂਦੀ ਹੈ, ਨਾਲ ਮਿਲਾਇਆ ਜਾਂਦਾ ਹੈ ਤਾਂ ਇਹ ਜ਼ਿਆਦਾ ਹੱਦ ਤੱਕ ਮਨੁੱਖੀ ਅਤੇ ਮਾਲੀ ਸਾਧਨਾਂ ਦੇ ਨੁਕਸਾਨ ਤੋਂ ਬਚਾਉਂਦੀ ਹੈ।

## 3.4. ਰੁਚੀ ਦਾ ਅਰਥ ਅਤੇ ਪਰਿਭਾਸ਼ਾ

**(Meaning and Definition of Interest)**

ਇਹ ਇਕ ਸਚਾਈ ਹੈ ਕਿ ਬੁੱਧੀ ਅਤੇ ਰੁਝਾਨ, ਸਿੱਖਿਆ ਅਤੇ ਕਿੱਤੇ ਸੰਬੰਧੀ ਸਫ਼ਲਤਾ ਨੂੰ ਪੂਰੀ ਤਰ੍ਹਾਂ ਨਹੀਂ ਦਰਸਾਉਂਦੇ। ਸਿੱਖਿਆ ਅਤੇ ਕਿੱਤੇ ਸੰਬੰਧੀ ਪ੍ਰਾਪਤੀਆਂ ਵਿਚ ਕਈ ਅਬੋਧਿਕ ਕਾਰਨ ਇਕ ਮਹੱਤਵਪੂਰਨ ਹਿੱਸਾ ਪਾਉਂਦੇ ਹਨ। ਇਹਨਾਂ ਵਿਚੋਂ ਰੁੱਚੀ ਸ਼ਾਇਦ ਸਭ ਤੋਂ ਜ਼ਿਆਦਾ ਮਹੱਤਵਪੂਰਨ ਹੈ। ਇਸ ਲਈ ਸਿੱਖਿਆ ਅਤੇ ਕਿੱਤਾ ਅਗਵਾਈ ਲਈ ਰੁੱਚੀ ਦੀ ਪਛਾਣ ਅਤੇ ਮਾਪ ਬਹੁਤ ਜ਼ਰੂਰੀ ਹੋ ਗਿਆ ਹੈ।

ਕਈ ਮਨੋਵਿਗਿਆਨਿਕਾਂ ਅਤੇ ਦਾਰਸ਼ਨਿਕਾਂ ਨੇ 'ਰੁੱਚੀ' ਸ਼ਬਦ ਦਾ ਭਾਵ ਸਪੱਸ਼ਟ ਕਰਨ ਦੀ ਕੋਸ਼ਿਸ਼

ਕੀਤੀ ਹੈ। ਆਓ ਇਨ੍ਹਾਂ ਵਿਚੋਂ ਕੁਝ ਵਿਆਖਿਆਵਾਂ ਤੇ ਨਜ਼ਰ ਮਾਰੀਏ :

1. ਬਿੰਘਮ (Bingham) ਦੇ ਅਨੁਸਾਰ, ''ਰੁੱਚੀ ਕਿਸੇ ਅਨੁਭਵ ਵਿਚ ਰੱਚ ਜਾਣ ਅਤੇ ਇਸ ਨੂੰ ਜਾਰੀ ਰੱਖਣ ਦੀ ਪ੍ਰਵਿੱਤੀ ਹੈ।''

2. ਮੈਕਡੂਗਲ (Mc Dougall) ਦੇ ਅਨੁਸਾਰ, ''ਰੁੱਚੀ ਇਕ ਵਿਅਕਤੀ ਦਾ ਸਥਿਰ ਗੁਣ ਹੈ।''

3. ਸੁਪਰ (Super) ਦੀ ਰੁੱਚੀ ਦੀ ਪਰਿਭਾਸ਼ਾ, ''ਕਿਸੇ ਵਿਅਕਤੀ ਦੇ ਸਥਿਰ ਗੁਣ'' ਹੀ ਦੇਂਦਾ ਹੈ।

4. ਕੇ. ਲੋਵਲ (K. Lovell) ਦੇ ਅਨੁਸਾਰ, ''ਤੱਤ ਵਿਚ ਰੁੱਚੀ ਕਿਸੇ ਠੋਸ ਵਿਸ਼ਾ-ਵਸਤੂ ਜਿਵੇਂ ਕ੍ਰਿਕਟ, ਟਿਕਟਾਂ ਇਕੱਠਾ ਕਰਨੀਆਂ ਜਾਂ ਕਢਾਈ ਦੇ ਕੰਮ ਆਦਿ ਵਿਚ ਵਸਤੂ ਵਿਸ਼ੇਸ਼ ਭਾਵਨਾਵਾਂ ਅਤੇ ਉਸ ਵਿਸ਼ਾ-ਵਸਤੂ ਵੱਲ ਕਿਸੇ ਖਾਸ ਤਰੀਕੇ ਨਾਲ ਵਿਹਾਰ ਕਰਨ ਤੋਂ ਬਣਦੀ ਹੈ।''

5. ਰਸਲ (Russel) ਦੇ ਵਰਣਨ ਅਨੁਸਾਰ ਰੁੱਚੀ ''ਸਜੀਵੀ ਹਾਲਤਾਂ'' ਤੋਂ ਬਣਦੀ ਹੈ ਜੋ ਕਿ ਕਿਸੇ ਖਾਸ ਵਸਤੂਆਂ, ਮਨੁੱਖਾਂ ਅਤੇ ਕਿਰਿਆਵਾਂ ਲਈ ਲਗਾਤਾਰ ਸੰਬੰਧ ਦਾ ਉਤਸ਼ਾਹ ਪੈਦਾ ਕਰਦੀਆਂ ਹਨ।

6. ਕਰੋ ਅਤੇ ਕਰੋ (Crow and Crow) ਦਾ ਕਹਿਣਾ ਹੈ ਕਿ ਰੁੱਚੀ ਉਸ ਪ੍ਰੇਰਣਾਦਾਇਕ ਬਲ ਵੱਲ ਸੰਕੇਤ ਕਰਦੀ ਹੈ ਜੋ ਸਾਨੂੰ ਇਕ ਵਿਅਕਤੀ, ਵਸਤੂ ਜਾਂ ਕਿਰਿਆ ਵੱਲ ਧਿਆਨ ਦੇਣ ਨੂੰ ਉਕਸਾਉਂਦਾ ਹੈ, ਜਾਂ ਇਹ ਇਕ ਪ੍ਰਭਾਵਪੂਰਨ ਅਨੁਭਵ ਹੋ ਸਕਦਾ ਹੈ ਜੋ ਕਿ ਕਿਰਿਆ ਦੁਆਰਾ ਉਤਸ਼ਾਹਿਤ ਕੀਤਾ ਗਿਆ ਹੈ। ਦੂਸਰੇ ਸ਼ਬਦਾਂ ਵਿਚ ਰੁੱਚੀ ਇਕ ਕਿਰਿਆ ਦਾ ਕਾਰਣ ਅਤੇ ਉਸ ਵਿਚ ਭਾਗ ਲੈਣ ਦਾ ਨਤੀਜਾ ਹੋ ਸਕਦਾ ਹੈ।

7. ਸਟ੍ਰਾਂਗ (Strong) ਦੇ ਅਨੁਸਾਰ, ''ਰੁੱਚੀ ਸਫ਼ਲਤਾ ਦੀ ਇਕ ਅਨਿਸ਼ਚਿਤ ਸੂਚਕ ਹੈ।''

8. ਜਾਨਜ਼ (Jones) ਰੁੱਚੀ ਦੀ ਪਰਿਭਾਸ਼ਾ ਦੇਂਦਾ ਹੈ ਕਿ ਇਹ ''ਕਿਸੇ ਵਿਸ਼ਿਸ਼ਟ ਵਸਤੂ ਜਾਂ ਸਥਿਤੀ-ਪ੍ਰਤੀ ਅਸਲੀ ਜਾਂ ਖਿਆਲੀ ਪਸੰਦ ਦੀ ਭਾਵਨਾ ਹੈ ਜੋ ਉਸ ਦੀ ਪ੍ਰਤੀਕਿਰਿਆ ਦਾ ਸਹਿਯੋਗ ਹੈ।''

9. ਡੂਗਲਸ ਫਰਾਈਅਰ (Douglas Fryer) ਦੇ ਅਨੁਸਾਰ ਰੁੱਚੀਆਂ ਉਹ ਵਸਤੂਆਂ ਅਤੇ ਕਿਰਿਆਵਾਂ ਹਨ ਜੋ ਇਕ ਵਿਅਕਤੀ ਵਿਚ ਸੁਖਦਾਇਕ ਭਾਵਨਾ ਉਤੇਜਕ ਕਰਦੀਆਂ ਹਨ।

10. ਗਿੱਲਫਰਡ (Guilford) ਨੇ ਰੁੱਚੀ ਦੀ ਇਕ ਚੰਗੀ ਪਰਿਭਾਸ਼ਾ ਦਿੱਤੀ ਹੈ। ਉਸ ਦੇ ਅਨੁਸਾਰ, ''ਜਦੋਂ ਇਕ ਅਨੁਭਵ ਕਰਦਾ ਹੈ ਕਿ ਕੁਝ ਵਸਤੂਆਂ ਅਤੇ ਪ੍ਰਤਿਕਰਮ ਪ੍ਰੇਰਣਾਵਾਂ ਦੀ ਸੰਤੁਸ਼ਟੀ ਕਰਦੇ ਹਨ, ਇਹ ਉਨ੍ਹਾਂ ਵਸਤੂਆਂ ਅਤੇ ਪ੍ਰਤਿਕਰਮ ਵਿਚ ਰੁੱਚੀ ਦਰਸਾਉਂਦਾ ਹੈ, ਰੁੱਚੀਆਂ ਕੁਝ ਕਾਰਵਾਈਆਂ ਵਿਚ ਲਗਣ ਜਾਂ ਕੁਝ
ਉਤੇਜਕਾਂ ਨੂੰ ਲੱਭਣ ਜਾਂ ਉਨ੍ਹਾਂ ਵੱਲ ਧਿਆਨ ਦੇਣ ਵੱਲ ਝੁਕਾਅ ਹੁੰਦੀਆਂ ਹਨ।''

ਰੁੱਚੀਆਂ ਦੇ ਉਪਰ ਦਿੱਤੇ ਵਿਵਰਣ ਦਸਦੇ ਹਨ ਕਿ ਇਹ ਜ਼ਰੂਰੀ ਨਹੀਂ ਕਿ ਰੁੱਚੀਆਂ ਯੋਗਤਾ ਜਾਂ ਰੁਝਾਨ ਨਾਲ ਸੰਬੰਧਤ ਹੋਣ ਅਤੇ ਉਹ ਜੱਦੀ ਅਤੇ ਹਾਸਲ ਕੀਤੀਆਂ ਹੋ ਸਕਦੀਆਂ ਹਨ। ਇਹ ਜ਼ਿਆਦਾਤਰ (ਹੁਨਰ ਰਾਹੀਂ) ਹਾਸਲ ਕੀਤੀਆਂ ਹੁੰਦੀਆਂ ਹਨ ਅਤੇ ਉਮਰ ਦੇ ਨਾਲ ਹੋਰ ਸਥਿਰ ਹੋ ਜਾਂਦੀਆਂ ਹਨ।

## ੳ) ਰੁੱਚੀਆਂ ਦੀਆਂ ਵਿਸ਼ੇਸ਼ਤਾਵਾਂ

**(Characteristics of Interests)**

ਉੱਪਰ ਦਿੱਤੀਆਂ ਪਰਿਭਾਸ਼ਾਵਾਂ ਅਤੇ ਮਨੋਵਿਗਿਆਨਿਕਾਂ ਦੁਆਰਾ ਕੀਤੀਆਂ ਖੋਜਾਂ ਅਤੇ ਪ੍ਰਯੋਗਾਂ ਦੇ ਆਧਾਰ ਤੇ ਅਸੀਂ ਰੁੱਚੀਆਂ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਦਸ ਸਕਦੇ ਹਾਂ :

1. ਰੁੱਚੀਆਂ ਸਾਡੀਆਂ ਲੋਚਾਂ, ਪ੍ਰੇਰਣਾਵਾਂ, ਪ੍ਰਵਿਰਤੀਆਂ ਅਤੇ ਬੁਨਿਆਦੀ ਜ਼ਰੂਰਤਾਂ ਨਾਲ ਜੁੜੀਆਂ ਹੁੰਦੀਆਂ ਹਨ।
2. ਰੁੱਚੀਆਂ ਜਮਾਂਦਰੂ ਅਤੇ ਹਾਸਲ ਕੀਤੀਆਂ ਪ੍ਰਵਿਰਤੀਆਂ ਹਨ।
3. ਰੁੱਚੀ ਇਕ ਵੱਡੀ ਪ੍ਰੇਰਕ ਸ਼ਕਤੀ ਹੈ ਜੋ ਇਕ ਵਿਅਕਤੀ ਨੂੰ ਸੰਗਿਆਨਕ, ਗਿਆਨਾਤਮਕ ਅਤੇ ਨਕਲੀ ਵਿਵਹਾਰ ਵੱਲ ਧਿਆਨ ਲਾਉਣ ਲਈ ਪ੍ਰੇਰਿਤ ਕਰਦੀ ਹੈ।

4. ਰੁੱਚੀ ਅਤੇ ਯੋਗਤਾ ਅਤੇ ਕਿੱਤਾਕਾਰੀ ਅਤੇ ਸੁਗਲੀ ਰੁੱਚੀਆਂ ਵਿਚਕਾਰ ਕੁਝ ਸੰਬੰਧ ਹੁੰਦਾ ਹੈ।

5. ਰੁੱਚੀ ਅਤੇ ਇਕਸਾਰਤਾ ਵਿਚਕਾਰ ਨਜ਼ਦੀਕੀ ਸੰਬੰਧ ਹੈ। McDougall ਕਹਿੰਦਾ ਹੈ ਕਿ ''ਰੁੱਚੀ ਛੁਪੀ ਹੋਈ ਇਕਸਾਰਤਾ ਹੈ ਅਤੇ ਇਕਸਾਰਤਾ ਕਿਰਿਆ ਵਿਚ ਰੁੱਚੀ ਹੈ।''

6. ਡਰਾਈਅਰ (Dreyer) ਦੇ ਸ਼ਬਦਾਂ ਵਿਚ ਰੁਚੀ ਆਪਣੇ ਗਤੀਆਤਮਿਕ ਪੱਖ ਵਿਚ ਇਕ ਪ੍ਰਵਿਰਤੀ ਹੈ। ਰੁਚੀ ਇਕ ਵਸਤੂ ਦਾ ਸਾਡੇ ਲਈ ਵਿਅਕਤੀਗਤ ਅਰਥ ਹੈ।

7. ਰੁਚੀਆਂ ਅਤੇ ਰੁਝਾਨ ਦਾ ਆਪਸ ਵਿਚ ਨਜ਼ਦੀਕੀ ਸੰਬੰਧ ਹੈ। ਰੁਚੀਆਂ ਹੋਰ-ਕੁਝ ਨਹੀਂ ਬਲਕਿ ਉਹ ਰੁਝਾਨ ਹਨ ਜੋ ਇਕ ਵਿਅਕਤੀ ਨੂੰ ਕਿਸੇ ਖੇਤਰ ਵਿਚ ਵੱਖ-ਵੱਖ ਕਿਰਿਆਵਾਂ ਲੱਭਣ ਲਈ ਪ੍ਰੇਰਿਤ ਕਰਦੀਆਂ ਹਨ।

8. ਰੁਚੀ ਸਿੱਖਣ ਨਾਲ ਸੰਬੰਧਿਤ ਹੈ।

9. ਰੁਚੀਆਂ ਸਥਾਈ ਅਤੇ ਸਥਿਰ ਨਹੀਂ ਹੁੰਦੀਆਂ। ਉਹ ਪ੍ਰੋੜ੍ਹਤਾ ਦੇ ਨਤੀਜੇ ਵਜੋਂ ਬਦਲਦੀਆਂ ਹਨ। ਕੁਝ ਥੋੜੀਆਂ ਰੁਚੀਆਂ ਜਲਦੀ ਹੀ ਲੁਪਤ ਹੋ ਜਾਂਦੀਆਂ ਹਨ।

10. ਰੁਚੀਆਂ ਕੇਵਲ ਜਮਾਂਦਰੂ ਵਿਸ਼ੇਸ਼ਤਾਵਾਂ ਹੀ ਨਹੀਂ ਹੁੰਦੀਆਂ। ਉਹ ਅਸਲ ਵਿਚ ਹਾਸਲ ਕੀਤੀਆਂ ਪ੍ਰਵਿਰਤੀਆਂ ਜਾਂ ਵਿਸ਼ੇਸ਼ਤਾਵਾਂ ਹਨ ਅਤੇ ਜੀਵ ਦੇ ਕੁਦਰਤੀ ਵਿਵਹਾਰ ਅਤੇ ਵਿਸ਼ਿਸ਼ਟ ਵਾਤਾਵਰਣ ਦੀਆਂ ਸ਼ਕਤੀਆਂ ਵਿਚਕਾਰ ਲਗਾਤਾਰ ਆਪਸੀ ਪ੍ਰਭਾਵ ਦੇ ਨਤੀਜੇ ਵਜੋਂ ਪੈਦਾ ਹੁੰਦੀਆਂ ਹਨ।

## ਅ) ਰੁਚੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ (Factors Affecting Interests) :

ਰੁਚੀਆਂ ਉਪਰ ਕਈ ਕਾਰਕ ਅਸਰ ਕਰਦੇ ਹਨ :

### 1. ਉਮਰ ਅਤੇ ਲਿੰਗ (Age and Sex) :

ਇਕ ਖਾਸ ਉਮਰ ਦੇ ਗਰੁੱਪ ਲਈ ਕੁਝ ਪ੍ਰਵਿਰਤੀਆਂ ਸਹੀ ਹੁੰਦੀਆਂ ਹਨ। ਛੋਟੇ ਬੱਚੇ ਜੋ 5 ਤੋਂ 7 ਸਾਲ ਵਿਚਕਾਰ ਹੁੰਦੇ ਹਨ, ਬਲਾਕਾਂ ਅਤੇ ਰੇਤ ਦੇ ਢੇਰਾਂ ਨਾਲ ਖੇਡਣ ਵਿਚ ਰੁਚੀ ਰੱਖਦੇ ਹਨ ਅਤੇ ਕਲਪਿਤ ਸੱਚ ਕੰਮ ਵਿਚ ਹਿੱਸਾ ਲੈਂਦੇ ਹਨ। ਦਸ ਸਾਲ ਤੱਕ ਬੱਚਿਆਂ ਦੀਆਂ ਰੁਚੀਆਂ ਬਦਲ ਜਾਂਦੀਆਂ ਹਨ ਅਤੇ ਲਿੰਗ ਭੇ ਦ ਵਧੇਰੇ ਉਜਾਗਰ ਹੋ ਜਾਂਦੇ ਹਨ। ਲੜਕੇ ਬਹਾਦਰੀ ਤੇ ਵਿਗਿਆਨ ਦੀਆਂ ਕਹਾਣੀਆਂ ਨੂੰ ਪਹਿਲ ਦੇਂਦੇ ਹਨ ਜਦੋਂ ਕਿ ਲੜਕੀਆਂ ਪਸ਼ੂ ਕਹਾਣੀਆਂ ਤੇ ਪਰੀ ਕਹਾਣੀਆਂ ਵਿਚ ਰੁਚੀ ਜ਼ਾਹਰ ਕਰਦੀਆਂ ਹਨ ਅਤੇ ਕੰਮਾਂ ਵਿਚ ਰੁਚੀ ਲੈਂਦੀਆਂ ਹਨ। 20 ਸਾਲ ਦੀ ਉਮਰ ਤੱਕ, ਕਿੱਤਾਕਾਰੀ ਰੁਚੀਆਂ ਕਾਫੀ ਪ੍ਰਤੱਖ ਤੇ ਸਥਿਰ ਹੋ ਜਾਂਦੀਆਂ ਹਨ।

### 2. ਸਰੀਰਕ ਵਿਕਾਸ ਅਤੇ ਸ਼ਕਤੀ (Physical Development and Strength) :

ਸਰੀਰਕ ਸ਼ਕਤੀ ਵੀ ਰੁਚੀਆਂ ਤੇ ਨਿਰਭਰ ਕਰਦੀ ਹੈ। ਇਕ ਸ਼ਕਤੀਸ਼ਾਲੀ ਲੜਕਾ ਖੇਡਾਂ ਖੇਡਣੀਆਂ ਪਸੰਦ ਕਰੇਗਾ। ਜਦੋਂ ਕਿ ਇਕ ਸਰੀਰਕ ਤੌਰ ਤੇ ਕਮਜ਼ੋਰ ਲੜਕਾ ਉਨ੍ਹਾਂ ਕੰਮਾਂ ਵਿਚ ਸਫਲਤਾ ਨਹੀਂ ਪ੍ਰਾਪਤ ਕਰੇਗਾ ਜੋ ਸਰੀਰਕ ਰੂਪ ਵਿਚ ਘੱਟ ਮੰਗ ਕਰਦੇ ਹੋਣ।

### 3. ਬੁੱਧੀ (Intelligence) :

ਜ਼ਹੀਨ ਬੱਚੇ ਉਨ੍ਹਾਂ ਕਿਰਿਆਵਾਂ ਵਿਚ ਹਿੱਸਾ ਲੈਂਦੇ ਹਨ ਜਿਨ੍ਹਾਂ ਵਿਚ ਸੋਚ ਜ਼ਿਆਦਾ ਚਾਹੀਦੀ ਹੈ। ਉਹ ਬੌਧਿਕ ਕਿਰਿਆ ਵਿਚ ਮੁੜ ਬੱਚਿਆਂ ਨਾਲੋਂ ਜ਼ਿਆਦਾ ਹਿੱਸਾ ਲੈਂਦੇ ਹਨ। ਉਚੇਰੀ ਬੁੱਧੀ ਵਾਲੇ ਵਿਅਕਤੀਆਂ ਦੀਆਂ ਕਿੱਤਾਕਾਰੀ ਰੁਚੀਆਂ ਕਮਜ਼ੋਰ ਬੁੱਧੀ ਵਾਲਿਆਂ ਨਾਲੋਂ ਭਿੰਨ ਹੁੰਦੀਆਂ ਹਨ। ਕੁਝ ਹੋਰ ਕਾਰਕ ਹਨ :

4. ਚਾਹ ਅਤੇ ਆਦਰਸ਼ੀ (Wishes and Ideals)
5. ਆਰਥਿਕ ਪੱਧਰ (Economic Status)
6. ਸਭਿਆਚਾਰ ਅਤੇ ਸਮਾਜਿਕ-ਢਾਂਚਾ (Culture and Social Set up)
7. ਬਿਰਤੀਆਂ, ਆਦਤਾਂ, ਮਨੋਭਾਵ, ਸਿੱਖਿਆ, ਸਿੱਖਣਾ, ਅਨੁਭਵ, ਸਥਿਤੀਆਂ ਆਦਿ। (Instincts, habits,sentiments,education,learning,experiences,situations etc.)

### ੲ) ਰੁਚੀਆਂ ਅਤੇ ਕਿਸਮਾਂ (Kinds of Interests) :

1. ਬਾਹਰੀ ਅਤੇ 2. ਅੰਤਰੀਵ

ਡਾ. ਤਨੇਜਾ ਦੇ ਅਨੁਸਾਰ, ''ਰੁਚੀਆਂ ਭਾਵੁਕ ਖੁਸ਼ੀ ਦੇਂਦੀਆਂ ਹਨ। ਜੇ ਭਾਵੁਕ ਖੁਸ਼ੀ ਉਦੇਸ਼ ਨਾਲ ਸੰਬੰਧਤ ਹੋਵੇ ਤਾਂ ਰੁਚੀ ਅੰਤਰੀਵ ਹੁੰਦੀ ਹੈ। ਜੇ ਭਾਵੁਕ ਖੁਸ਼ੀ ਵਸਤੂ ਜਾਂ ਵਿਦਿਆ ਨਾਲ ਸੰਬੰਧਿਤ ਹੋਵੇ ਤਾਂ ਰੁਚੀ ਬਾਹਰ ਹੁੰਦੀ ਹੈ। ''ਬਾਹਰੀ ਰੁਚੀ ਬਾਹਰਵਾਰ ਕੁਝ ਬਣਾਉਟੀ ਅਤੇ ਆਰਜ਼ੀ ਹੁੰਦੀ ਹੈ। ਅੰਤਰੀਵ ਰੁਚੀ ਲਗਭਗ ਸਥਾਈ ਹੁੰਦੀ ਹੈ। ਅਗਵਾਈ ਕਰਤਾ ਦਾ ਪਹਿਲਾ ਕੰਮ ਇਹ ਹੈ ਕਿ ਉਹ ਪਤਾ ਲਗਾਵੇ ਕਿ ਉਸਦੇ ਮੁਵੱਕਲ ਦੀਆਂ ਰੁਚੀਆਂ ਅੰਤਰੀਵ ਹਨ ਜਾਂ ਬਾਹਰੀ।

ਸੁਪਰ ਨੇ ਤਿੰਨ ਪ੍ਰਕਾਰ ਦੀਆਂ ਰੁਚੀਆਂ ਦਰਸਾਈਆਂ ਹਨ :

1. ਪ੍ਰਗਟ (Expressed) 2. ਪ੍ਰਤੱਖ (Manifest) 3. ਮਾਪੀਆਂ ਜਾਂ ਟੈਸਟ ਕੀਤੀਆਂ (Measured/ Tested) Hahn and Maclean ਰੁਚੀਆਂ ਦੀ ਇਵੇਂ ਵੰਡ ਕਰਦੇ ਹਨ :

1. ਪ੍ਰਗਟ (Expressed) 2. ਪ੍ਰੇਖਣ ਕੀਤੀਆਂ (Observed) 3. ਮਾਪੀਆਂ (Measured)

ਵਿਅਕਤੀ ਆਪਣੀ ਪਸੰਦ ਜਾਂ ਨਾ ਪਸੰਦ ਕੁਝ ਸ਼ਬਦਾਂ ਵਿਚ ਜ਼ਾਹਰ ਕਰਦੇ ਹਨ ਜਿਵੇਂ ਕਿ ''ਮੈਂ ਪੜ੍ਹਾਈ ਸਿੱਖਿਆ ਪਸੰਦ ਕਰਦਾ ਹਾਂ। ਮੈਂ ਡਾਕਟਰੀ ਸਿੱਖਿਆ ਨਾ ਪਸੰਦ ਕਰਦਾ ਹਾਂ।'' ਇਹ ਪ੍ਰਗਟ ਕੀਤੀਆਂ ਰੁਚੀਆਂ ਹਨ। ਇਹ ਪ੍ਰਤੱਖ ਜਾਂ ਪ੍ਰੇਖਣ ਚੰਗੀ ਰੁਚੀ ਕਿਸ ਕਿਰਿਆ ਜਾਂ ਕਿੱਤੇ ਵਿਚ ਭਾਗ ਲੈਣ ਤੋਂ ਜਾਣੀ ਜਾਂਦੀ ਹੈ। ਇਹ ਰੁਚੀਆਂ ਸਿੱਧੇ ਪ੍ਰੇਖਣ ਰਾਹੀਂ ਪਤਾ ਲਗਦੀਆਂ ਹਨ। ਮਾਪੀਆਂ ਰੁਚੀਆਂ ਉਹ ਰੁਚੀਆਂ ਹਨ ਜੋ ਵਸਤੂ ਨਿਸ਼ਟ ਟੈਸਟਾਂ ਰਾਹੀਂ ਮਾਪੀਆਂ ਜਾਂਦੀਆਂ ਹਨ।

### ਸ) ਰੁਚੀ ਦਾ ਮਾਪਣਾ (Measurement of Interest) :

ਰੁਚੀ ਇਕ ਗੁੰਝਲਦਾਰ ਚੀਜ਼ ਹੈ ਅਤੇ ਇਸ ਬਣਾਉਣ ਵਾਲੇ ਵੱਖ-ਵੱਖ ਸਾਧਨਾਂ ਨੂੰ ਧਿਆਨ ਵਿਚ ਰੱਖੇ ਬਿਨਾਂ ਨਹੀਂ ਸਮਝੀ ਜਾ ਸਕਦੀ। ਇਸ ਪ੍ਰਸੰਗ ਵਿਚ Granne ਨੇ ਸਹੀ ਕਿਹਾ ਹੈ ਕਿ ਰੁਚੀ ਕੋਈ ਮਾਪਣ ਵਾਲੀ ਚੀਜ਼ ਨਹੀਂ ਹੁੰਦੀ। ''ਕਈ ਹੋਰ ਮਨੋਵਿਗਿਆਨਕਾਂ ਦਾ ਵੀ ਖਿਆਲ ਹੈ ਕਿ ਰੁਚੀਆਂ ਨੂੰ ਮਾਪਣਾ ਬਹੁਤ ਮੁਸ਼ਕਿਲ ਹੈ।

ਫਿਰ ਵੀ ਰੁਚੀਆਂ ਨੂੰ ਮਾਪਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਇਸ ਕੰਮ ਲਈ ਕਈ ਰੁਚੀ ਸੂਚੀਆਂ ਅਤੇ ਟੈਸਟ ਤਿਆਰ ਕੀਤੇ ਗਏ ਹਨ। ਰੁਚੀਆਂ ਨੂੰ ਮਾਪਣ ਦੀਆਂ ਕਈ ਵਿਧੀਆਂ ਹਨ ਜਿਵੇਂ ਕਿ ਇੰਟਰਵਿਉ, ਜਾਂਚ-ਪੜਤਾਲ ਸੂਚੀਆਂ, ਸਿੱਧਾ ਪ੍ਰੇਖਣ ਪ੍ਰਸ਼ਨਾਵਲੀ ਅਤੇ ਸੂਚੀਆਂ। ਪ੍ਰਸ਼ਨਾਵਲੀਆਂ ਅਤੇ ਸੂਚੀਆਂ, ਰੁਚੀਆਂ ਮਾਪਣ ਦੀਆਂ ਸਭ ਤੋਂ ਮਹੱਤਵਪੂਰਨ ਤਕਨੀਕਾਂ ਹਨ।

### ਹ) ਕੁਝ ਉਪਯੋਗ ਰੁਚੀ ਸੂਚੀਆਂ (Some Valuable Interest Inventories) :

ਜਿਥੋਂ ਤੱਕ ਕਿੱਤਾਕਾਰੀ ਰੁਚੀ ਮਾਪਣ ਦਾ ਸੰਬੰਧ ਹੈ, ਹੇਠ ਦਿੱਤੀਆਂ ਦੋ ਰੁਚੀ ਸੂਚੀਆਂ ਬਹੁਤ ਉਪਯੋਗੀ ਅਤੇ ਪ੍ਰਸਿੱਧ ਹਨ :

1. ਸਟਰਾਂਗ ਵੋਕੇਸ਼ਨਲ ਇਨਟਰੈਸਟ ਬਲੈਂਕ (Strong Vocational Interest Blank)
2. ਕੁਡਰ ਪਰੈਫਰੈਂਸ ਰਿਕਾਰਡ (Kuder Preference Record)

### 1. ਸਟਰਾਂਗ ਵੋਕੇਸ਼ਨਲ ਇਨਟਰੈਸਟ ਬਲੈਂਕ (Strong Vocational Interest Blank) :

ਸਟਰਾਂਗ ਵੋਕੇਸ਼ਨਲ ਇਨਟਰੈਸਟ ਬਲੈਂਕ ਜੋ ਕਿ E.K. Strong ਦੁਆਰਾ ਬਣਾਇਆ ਗਿਆ, ਪਹਿਲੀ ਵਾਰ 1927 ਵਿਚ ਛਪਿਆ ਸੀ। ਇਸ ਨੂੰ 1951 ਅਤੇ 1966 ਵਿਚ ਦੁਹਰਾਇਆ ਗਿਆ। ਇਹ ਬਹੁਤ ਜ਼ਿਆਦਾ ਵਰਤੀਆਂ ਜਾਣ ਵਾਲੀਆਂ ਰੁਚੀ ਸੂਚੀਆਂ ਵਿਚੋਂ ਇਕ ਹੈ। ਇਹ ਬਲੈਂਕ ਇਸ ਵਿਚਾਰ ਤੇ ਆਧਾਰਤ ਹੈ ਕਿ ਭਿੰਨ-ਭਿੰਨ ਕਿੱਤਿਆਂ ਵਿਚ ਲੱਗੇ ਸਫਲ ਕਰਿੰਦਿਆਂ ਵਿਚਕਾਰ ਉਨ੍ਹਾਂ ਦੀਆਂ ਪਸੰਦਗੀਆਂ ਅਤੇ ਨਾਪਸੰਦਗੀਆਂ, ਸਕੂਲੀ ਵਿਸ਼ਿਆਂ, ਦਿਲਪ੍ਰਚਾਵਿਆਂ, ਕਿਰਿਆਵਾਂ ਲੋਕਾਂ ਦੀਆਂ ਵਿਸ਼ੇਸ਼ਤਾਈਆਂ ਕਿਰਿਆਵਾਂ ਨੂੰ

ਪਸੰਦ ਦੇ ਲਿਹਾਜ਼ ਵਿਚ ਦਰਜਾ ਦੇਣਾ, ਮੱਦਾਂ ਦੀਆਂ ਜੋੜੀਆਂ ਵਿਚ ਆਪਣੀ ਰੁਚੀ ਦੀ ਤੁਲਨਾ ਕਰਨਾ, ਅਤੇ ਆਪਣੀਆਂ ਵਰਤਮਾਨ ਯੋਗਤਾਵਾਂ ਅਤੇ ਹੋਰ ਵਿਸ਼ੇਸ਼ਤਾਈਆਂ ਨੂੰ ਦਰਜਾ ਦੇਣ ਦੇ ਆਧਾਰ ਤੇ ਫਰਕ ਪਤਾ ਕੀਤਾ ਜਾ ਸਕਦਾ ਹੈ।

ਇਹ ਬਲੈਂਕ ਆਦਮੀਆਂ ਅਤੇ ਔਰਤਾਂ ਲਈ ਵੱਖ-ਵੱਖ ਰੂਪਾਂ ਵਿਚ 17 ਸਾਲਾਂ ਦੀ ਉਮਰ ਤੋਂ ਉਪਰ ਮਿਲਦਾ ਹੈ ਅਤੇ ਇਸ ਵਿਚ 400 ਮੱਦਾਂ ਹਨ। ਇਸ ਸੂਚੀ ਦਾ ਮਕਸਦ ਇਹ ਪਤਾ ਲਗਾਉਣਾ ਹੈ ਕਿ ਇਕ ਵਿਅਕਤੀ ਦੀਆਂ ਰੁਚੀਆਂ ਅਤੇ ਤਰਜੀਹਾਂ ਵਿਸ਼ਿਸ਼ਟ ਕਿੱਤਿਆਂ ਵਿਚ ਸਫਲ ਵਿਅਕਤੀਆਂ ਦੇ ਨਾਲ ਕਿਥੋਂ ਤੱਕ ਮੇਲ ਖਾਂਦੀਆਂ ਹਨ। (ਆਦਮੀਆਂ ਲਈ 41 ਅਤੇ ਔਰਤਾਂ ਲਈ 25 ਸੂਚੀਆਂ ਹਨ)।

ਕਿੱਤਾਕਾਰੀ ਸਕੋਰ ਤੋਂ ਇਲਾਵਾ ਇਹ ਟੈਸਟ ਤਿੰਨ ਹੋਰ ਚੀਜ਼ਾਂ ਵੀ ਮਾਪਦਾ ਹੈ :

(1) ਰੁਚੀ ਪਰਪੱਕਤਾ (2) ਮਰਦਾਨਗੀ-ਨਾਰੀਤਵ (3) ਵਿਵਸਾਇਕ ਪੱਧਰ।

## 2. ਕੁਡਰ ਪਰੈਫਰੈਂਸ ਰਿਕਾਰਡ (The Kuder Preference Record) :

ਇਕ ਹੋਰ ਪ੍ਰਸਿੱਧ ਰੁਚੀ ਸੂਚੀ ਕੁਡਰ ਪਰੈਫਰੈਂਸ ਰਿਕਾਰਡ (The Kuder Preference Record) ਇਹ ਹਾਈ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਵਾਸਤੇ ਬਣਾਈ ਗਈ ਸੀ ਅਤੇ 1939 ਵਿਚ ਪਹਿਲੀ ਵਾਰ ਛਪੀ ਸੀ। ਇਸ ਦੀ ਦੁਹਰਾਈ ਹੋਈ ਅਤੇ ਹੁਣ ਦੋ ਸੂਚੀਆਂ ਹਨ, ਇਕ ਕਿੱਤਾਕਾਰੀ ਅਤੇ ਦੂਸਰੀ ਨਿੱਜੀ। G. Fraderic Kuder ਨੇ ਸਟਰਾਂਗ ਵੋਕੇਸ਼ਨਲ ਬਲੈਂਕ ਦੇ ਸੀਮਿਤ ਕਰਨ ਵਾਲੇ ਕਾਰਕਾਂ ਜਿਵੇਂ ਕਿ ਸਖਤ ਅੰਕ ਦੇਣ ਦੀ ਪ੍ਰਕਿਰਿਆ ਆਦਿ ਨੂੰ ਧਿਆਨ ਵਿਚ ਰੱਖਦੇ ਹੋਏ ਆਪਣੇ ਰਿਕਾਰਡ ਬਣਾਏ।

ਕੁਡਰ ਪਰੈਫਰੈਂਸ ਵਿਚ 168 ਮੱਦਾਂ ਹਨ ਜਿਨ੍ਹਾਂ ਵਿਚੋਂ ਹਰੇਕ ਵਿਚ ਤਿੰਨ ਵਿਕਲਪ ਹੁੰਦੇ ਹਨ ਜਿਨ੍ਹਾਂ ਵਿਚੋਂ ਟੈਸਟ ਦੇ ਹਰ ਵਿਅਕਤੀ ਨੂੰ ਇਹ ਦਸਣਾ ਹੁੰਦਾ ਹੈ ਉਹ ਤਿੰਨ ਮੱਦਾਂ ਵਿਚੋਂ ਸਭ ਤੋਂ ਵੱਧ ਪਸੰਦ ਕਰਦਾ ਹੈ ਅਤੇ ਕਿਹੜੀ ਸਭ ਤੋਂ ਘੱਟ।

ਇਨ੍ਹਾਂ ਵਿਕਲਪਾਂ ਵਿਚ ਪਸੰਦ ਕੀਤੇ ਮੱਦਾਂ ਦੇ ਸਾਰਣੀਕਰਣ ਤੋਂ ਹੇਠ ਲਿਖੇ ਖੇਤਰਾਂ ਵਿਚ ਪ੍ਰਵਿਰਤੀਆਂ ਮਾਪੀਆਂ ਜਾਂਦੀਆਂ ਹਨ : (1) ਬਾਹਰੀ (Outdoor) (2) ਮਕੈਨੀਕਲ (Mechanical) (3) ਹਿਸਾਬ (Computational) (4) ਵਿਗਿਆਨਕ (Scientific) (5) ਪ੍ਰਭਾਵਿਕ (Presuasive) (6) ਕਲਾਤਮਕ (Artistic) (7) ਸਾਹਿਤਕ (Literary) (8) ਸੰਗੀਤ (Musical) (9) ਸਮਾਜਿਕ (Social) (10) ਕਲਰਕੀ (Clerical) ਕਿਸੇ ਦਿੱਤੀ ਹੋਈ ਰੁਚੀ ਦੀ ਸ਼ਕਤੀ ਨਿਰਧਾਰਤ ਕਰਨ ਲਈ ਸਾਰੀਆਂ ਅਨੁਕਿਰਿਆਵਾਂ ਦਾ ਸਕੋਰ ਕੀਤਾ ਜਾਂਦਾ ਹੈ। ਆਪਣੀ ਸੂਚੀ ਬਣਾਉਣ ਦੇ ਵਿਚ ਕੁਡਰ ਆਪਣੀ ਸੂਚੀ ਵਿਚ ਸ਼ਾਮਿਲ ਕਿਰਿਆਵਾਂ ਵਿਚ ਸਮਰੂਪਤਾ ਬਾਰੇ ਆਪਣੇ ਵਿਚਾਰ ਦੁਆਰਾ ਪ੍ਰਭਾਵਿਤ ਹੁੰਦਾ ਜਾਪਦਾ ਹੈ।

The Kuder Preference Records ਰੁਚੀਆਂ ਦੇ ਮੁਲਾਂਕਣ ਦੇ ਸਭ ਤੋਂ ਵੱਧ ਧਿਆਨ ਪੂਰਵਕ ਬਣਾਏ ਗਏ ਸਾਧਨਾਂ ਵਿਚੋਂ ਹਨ। ਇਹ ਸਭ ਤੋਂ ਵੱਧ ਵਰਤੇ ਜਾਣ ਵਾਲੇ ਰੁਚੀ ਮਾਪਕ ਹਨ।

ਕੁਝ ਹੋਰ ਰੁਚੀ ਸੂਚੀਆਂ ਹੇਠ ਲਿਖੇ ਅਨੁਸਾਰ ਹਨ :

1. Lee Thorpe Occupational Interest Inventory.
2. Cleeton's Vocational Interest Inventory.
3. Stewart and Brainar's Specific Inventories.
4. Glaser Muller Interest Values Inventories.
5. Dunlop Academic Preference Blank.
6. Manson's Occupational Blank for Women.
7. Oberline Vocational Interest Inquiry.

ਅਲੀਗੜ੍ਹ ਦੇ ਪ੍ਰਿੰਸੀਪਲ ਵੀ.ਜੀ. ਝਿੰਗਰਨ (V.G. Jhingran) ਨੇ ਵੀ ਇਕ ਰੁਚੀ ਸੂਚੀ ਤਿਆਰ ਕੀਤੀ ਸੀ।

### 3.4.1 ਅਗਵਾਈ ਦੇ ਕੰਮਾਂ ਲਈ ਰੁਚੀ ਸੂਚੀਆਂ ਦੇ ਉਪਯੋਗ (Uses of Interest Inventories for Guidance Purposes) :

ਰੁਚੀ ਸੂਚੀਆਂ ਇਕ ਵਿਅਕਤੀ ਨੂੰ ਆਪਣੀ ਰੁਚੀਆਂ ਦੀ ਸਮੀਖਿਆ ਅਤੇ ਵਿਸ਼ਲੇਸ਼ਣ ਕਰਨ ਵਿਚ ਉਪਯੋਗੀ ਹੁੰਦੀਆਂ ਹਨ। ਉਹ ਉਸ ਦੀ ਆਪਣੇ ਆਪ ਨੂੰ ਸਮਝਣ ਵਿਚ ਮਦਦ ਕਰਦੀਆਂ ਹਨ। ਇਨ੍ਹਾਂ ਸੂਚੀਆਂ ਦੀ ਅਕਾਦਮਿਕ ਅਤੇ ਕਿੱਤਾਕਾਰੀ ਪਰਾਮਰਸ਼ ਵਿਚ ਹੁਣ ਜ਼ਿਆਦਾ ਵਰਤੋਂ ਹੋ ਰਹੀ ਹੈ।

ਇਹ ਟੈਸਟ ਅਤੇ ਸੂਚੀਆਂ ਵੱਖ-ਵੱਖ ਤਰ੍ਹਾਂ ਦੀ ਕਿੱਤਾਕਾਰੀ ਜ਼ਿੰਦਗੀ ਨੂੰ ਸਮਝਣ ਵਿਚ ਵਾਧਾ ਕਰਨ ਵਿਚ ਸਹਾਇਕ ਹੋ ਸਕਦੀਆਂ ਹਨ। ਕਈ ਖੋਜਾਂ ਨੇ ਇਹ ਸਿੱਧ ਕੀਤਾ ਹੈ ਕਿ ਰੁਚੀ ਮਾਪ ਅਕਾਦਮਿਕ ਕਿੱਤਾਕਾਰੀ ਅਗਵਾਈ ਵਿਚ ਉਪਯੋਗੀ ਹਨ।

ਆਰ.ਪੀ. ਬਰਡੀ (R.P. Berdie) ਦੇ ਅਨੁਸਾਰ, ਪ੍ਰਮਾਣ ਦਸਦੇ ਹਨ ਕਿ ਯੋਗਤਾਵਾਂ ਦੀ ਅਵਹੇਲਨਾ ਨਹੀਂ ਕੀਤੀ ਜਾ ਸਕਦੀ ਬਲਕਿ ਇਹ ਪ੍ਰਾਮਰਸ਼ ਵਿਚ ਰੁਚੀ ਮਾਪਣ ਦੀ ਜ਼ਰੂਰਤ ਦਾ ਜ਼ੋਰਦਾਰ ਵਰਣਨ ਕਰਦੇ ਹਨ।

ਬਾਰਨਿਟ (Barnette) ਦੁਆਰਾ ਕੀਤੀ ਇਕ ਖੋਜ ਵਿਚ 890 Volunteer ਜਿਨ੍ਹਾਂ ਦੇ ਪ੍ਰਾਮਰਸ਼ ਦੇ ਦੌਰਾਨ Kuder Preference Record ਲਿਆ ਸੀ, ਦਾ ਅਨੁਸਰਣ ਕੀਤਾ ਗਿਆ ਸੀ। ਇਹ ਪਾਇਆ ਗਿਆ ਕਿ ਸਫਲ ਇੰਜੀਨੀਅਰਾਂ, ਵਿਕਰੇਤਾਵਾਂ, ਕਲਰਕਾਂ ਅਤੇ ਲੇਖਾਕਾਰਾਂ ਨੇ ਆਪਣੇ ਕਿੱਤੇ ਦੇ ਉਪਯੁਕਤ ਰੁਚੀ ਖੇਤਰਾਂ ਵਿਚ ਸਕੋਰ ਹਾਸਲ ਕੀਤੇ ਜਦੋਂ ਕਿ ਜਿਹੜੇ ਫੇਲ੍ਹ ਹੋਏ ਉਨ੍ਹਾਂ ਨੇ ਉਹੀ ਖੇਤਰਾਂ ਵਿਚ ਘੱਟ ਸਕੋਰ ਹਾਸਲ ਕੀਤੇ।

ਜੇਮਜ਼ ਵਾਰਟਰਜ਼ (James Warters) ਲਿਖਦਾ ਹੈ ਕਿ, ''ਰੁਚੀ ਸੂਚੀਆਂ ਇਕ ਵਿਦਿਆਰਥੀ ਨੂੰ ਚੋਣ (ਪਾਠਕ੍ਰਮ, ਕੋਰਸਾਂ, ਕਿੱਤਿਆਂ, ਮਨੋਰੰਜਨ ਕਿਰਿਆਵਾਂ ਆਦਿ ਦੀ ਚੋਣ) ਦੀ ਸਮੱਸਿਆ ਵੱਲ ਇਕ ਨਿਯਮ ਅਨੁਸਾਰ ਸੁਲਝਾਉਣ, ਅਧਿਆਪਕਾਂ ਅਤੇ ਸਲਾਹਕਾਰਾਂ ਨੂੰ ਵਿਦਿਆਰਥੀਆਂ ਦੀਆਂ ਤਰਜੀਹਾਂ ਅਤੇ ਵਿਰੋਧਾਂ ਬਾਰੇ ਜਾਣਕਾਰੀ ਦੇਣ ਅਤੇ ਵਿਦਿਆਰਥੀ ਦੀ ਚੋਣ ਸੰਬੰਧੀ ਮੁਸ਼ਕਿਲਾਂ ਅਤੇ ਉਸ ਦੀ ਹੋਰ ਜਾਣਕਾਰੀ ਅਤੇ ਖੋਜਾਤਮਕ ਅਨੁਭਵਾਂ ਸੰਬੰਧੀ ਜ਼ਰੂਰਤਾਂ ਨੂੰ ਸਮਝਣ ਵਿਚ ਉਪਯੋਗੀ ਹੁੰਦੀਆਂ ਹਨ।''

ਪਰ ਇਹ ਦਸਿਆ ਜਾਂਦਾ ਹੈ ਕਿ ਕੇਵਲ ਰੁਚੀ ਟੈਸਟ ਸਕੋਰ ਹੀ ਸਕੂਲ ਜਾਂ ਕਿੱਤੇ ਵਿਚ ਸਫਲਤਾ ਅਨੁਸੂਚਕ ਨਹੀਂ ਹੁੰਦੇ। ਭਾਵੇਂ ਕਿਸੇ ਵਿਅਕਤੀ ਦੀ ਕਿਸੇ ਖਾਸ ਪੜ੍ਹਾਈ ਦੇ ਕੋਰਸਾਂ ਜਾਂ ਕਿੱਤੇ ਵਿਚ ਕਾਫੀ ਦਿਲਚਸਪੀ ਹੈ ਪਰ ਜੇ ਉਸ ਕੋਲ ਇਸ ਵਿਚ ਸਫਲ ਹੋਣ ਦੀ ਯੋਗਤਾ ਨਹੀਂ, ਤਾਂ ਉਹ ਇਸ ਨੂੰ ਪ੍ਰਾਪਤ ਨਹੀਂ ਕਰ ਸਕੇਗਾ। ਇਸ ਦਾ ਅਰਥ ਇਹ ਹੋਇਆ ਕਿ ਸਿੱਖਿਆ ਅਤੇ ਕਿੱਤੇ ਸੰਬੰਧੀ ਪ੍ਰਾਪਤੀ ਯੋਗਤਾਵਾਂ ਉੱਤੇ ਨਿਰਭਰ ਕਰਦੀ ਹੈ।

### 3.4.2 ਊਣਤਾਈਆਂ (Limitations) :

1. ਐਲੀਮੈਂਟਰੀ ਤੇ ਹਾਈ ਸਕੂਲ ਦੀ ਪੜ੍ਹਾਈ ਦੇ ਦੌਰਾਨ ਬੱਚਿਆਂ ਦੀਆਂ ਰੁਚੀਆਂ ਵਿਚ ਅਸਥਿਰਤਾ ਹੁੰਦੀ ਹੈ ਇਸ ਲਈ ਸਾਨੂੰ ਖ਼ਾਸ ਕਰਕੇ ਅਗਵਾਈ ਲਈ ਰੁਚੀ ਸੂਚੀਆਂ ਦੀ ਵਰਤੋਂ ਧਿਆਨ ਨਾਲ ਕਰਨੀ ਚਾਹੀਦੀ ਹੈ।

2. ਸਾਨੂੰ ਰੁਚੀ ਦੇ ਅੰਕੜਿਆਂ ਨੂੰ ਕਾਬਲੀਅਤ ਦੀ ਮਿਣਤੀ ਨਾਲ ਨਹੀਂ ਜੋੜਨਾ ਚਾਹੀਦਾ।

ਉਦਾਹਰਣ ਵਜੋਂ ਸਾਇੰਸ ਦੇ ਮਜ਼ਬੂਨਾਂ ਵਿਚ ਰੁਚੀ ਹੋ ਸਕਦੀ ਹੈ ਕਿ ਜ਼ਬਾਨੀ ਤੇ ਲੇਖੇ ਦੇ ਰੁਝਾਨ ਨਾਲ ਮੇਲ ਨਾ ਖਾਂਦੀ ਹੋਵੇ ਜਿਨ੍ਹਾਂ ਦੀ ਸਾਇੰਸ ਦੀ ਪੜ੍ਹਾਈ ਜਾਂ ਕਿੱਤੇ ਵਿਚ ਬੜੀ ਲੋੜ ਹੁੰਦੀ ਹੈ।

### 3.4.3 ਸਿੱਟਾ (Conclusion) :

ਵਿਅਕਤੀ ਟੈਸਟ ਦੇ ਨਤੀਜਿਆਂ ਪ੍ਰਤੀ ਉਚਿਤ ਤੌਰ ਤੇ ਜਾਣੂ ਹੋਣਾ ਚਾਹੀਦਾ ਹੈ। ਵਿਅਕਤੀ ਨੂੰ ਪ੍ਰੇਖਣ ਦੇ ਸਿੱਟਿਆਂ ਤੋਂ ਪੂਰੀ ਤਰ੍ਹਾਂ ਜਾਣੂ ਹੋਣਾ ਚਾਹੀਦਾ ਹੈ। ਸਲਾਹਕਾਰਾਂ ਨੂੰ ਤੱਥਾਂ ਨੂੰ ਅਮੁਲਾਂਕਣ ਵਾਲੀਆਂ ਪ੍ਰਸਥਿਤੀਆਂ (non-evaluation terms) ਵਿਚ ਪੇਸ਼ ਕਰਨਾ ਚਾਹੀਦਾ ਹੈ ਅਤੇ ਫਿਰ ਮਨੁੱਖ ਦੀ ਪ੍ਰਤੀਕ੍ਰਿਆ

ਦਾ ਇੰਤਜ਼ਾਰ ਕਰਨਾ ਚਾਹੀਦਾ ਹੈ।

ਸਲਾਹਕਾਰ ਨੂੰ ਪ੍ਰੀਖਣ ਦੇ ਅੰਕਾਂ ਨੂੰ ਤੱਥਾਂ ਤੋਂ ਬਿਨਾਂ ਨਹੀਂ ਪੇਸ਼ ਕਰਨਾ ਚਾਹੀਦਾ ਨਹੀਂ ਤਾਂ ਵਿਅਕਤੀ ਇਹਨਾਂ ਅੰਕਾਂ ਤੋਂ ਅਸਪਸ਼ਟ ਸਾਧਾਰਨ ਸਿਧਾਂਤ ਤਿਆਰ ਕਰ ਲਵੇਗਾ।

ਅਗਰ ਪ੍ਰੀਖਣ ਉਹਨਾਂ ਮਨੁੱਖਾਂ ਰਾਹੀਂ ਵਰਤੇ ਜਾਣ ਜੋ ਕਿ ਦੋਹਾਂ ਅਗਵਾਈ ਦੇਣ ਅਤੇ ਰੁਚੀ ਸੂਚੀਆਂ ਦੇ ਸਿਧਾਂਤ ਨੂੰ ਤਿਆਰ ਕਰਨ ਵਿਚ ਤਜ਼ਰਬੇਕਾਰ ਹੋਣ ਤਾਂ ਮਨੁੱਖ ਆਪਣੇ ਕਿੱਤਾਕਾਰੀ ਰੁਚੀਆਂ ਦੇ ਨਮੂਨਿਆਂ ਨੂੰ ਯੋਗਤਾ ਅਤੇ ਰੁਝਾਨ ਨਾਲ ਮਿਲਾ ਸਕਦਾ ਹੈ।

ਆਖਿਰ ਵਿਚ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਰੁਚੀਆਂ ਦੇ ਮਾਪਾਂ ਤੇ ਜ਼ਿਆਦਾ ਜ਼ੋਰ ਨਹੀਂ ਪਾਉਣਾ ਚਾਹੀਦਾ ਅਤੇ ਸਲਾਹਕਾਰ ਅਤੇ ਅਗਵਾਈ ਵਾਲੇ ਕਾਰਜਕਾਰੀਆਂ ਨੂੰ ਬਹੁਤ ਧਿਆਨ ਮਨੁੱਖ ਦੀਆਂ ਯੋਗਤਾਵਾਂ ਉਸਦੀ ਸਿਖਲਾਈ ਅਤੇ ਸਿਖਲਾਈ ਦੀਆਂ ਪ੍ਰਸਥਿਤੀਆਂ ਤੇ ਦੇਣਾ ਚਾਹੀਦਾ ਹੈ।

ਰੁਚੀਆਂ ਦੀ ਇਕਰੂਪਤਾ ਜਾਂ ਸਨਾਖ਼ਤ ਅਤੇ ਮਾਪ ਸਿਖਿਅਕ ਅਤੇ ਕਿੱਤਾਕਾਰੀ ਅਗਵਾਈ ਦੇ ਪੂਰਨ ਭਾਗ ਹਨ। ਬੁੱਧੀ ਅਤੇ ਰੁਝਾਨ ਦੇ ਮਾਪਾਂ ਨਾਲ ਮਿਲ ਕੇ ਰੁਚੀਆਂ ਵਿਅਕਤੀ ਦੀ ਵਿਦਿਅਕ ਅਤੇ ਕਿੱਤਾਕਾਰੀ ਕਾਮਯਾਬੀ ਹਾਸਿਲ ਕਰਨ ਵਿਚ ਮੁੱਖ ਭੂਮਿਕਾ ਅਦਾ ਕਰਦੀਆਂ ਹਨ।

ਸੁਪਰ ਦੇ ਅਨੁਸਾਰ, ਰੁਚੀ ਵਿਦਿਅਕ ਦੀ ਇਕ ਸਥਿਰ ਵਿਸ਼ੇਸ਼ਤਾ ਹੈ। ਕਰੋ ਦੇ ਅਨੁਸਾਰ ਰੁਚੀ ਇਸ ਕਿਰਿਆ ਦਾ ਕਾਰਨ ਅਤੇ ਉਸ ਵਿਚ ਹਿੱਸਾ ਲੈਣ ਦੇ ਸਿੱਟੇ ਵਜੋਂ ਹੋ ਸਕਦੀ ਹੈ। ਰੁਚੀ ਕਾਮਯਾਬੀ ਦਾ ਇਕ ਅਨੁਸੂਚਿਤ ਸੂਚਕ ਹੈ। ਰੁਚੀਆਂ ਉਹ ਕਿਰਿਆਵਾਂ ਹਨ ਜੋ ਮਨੁੱਖ ਵਿਚ ਸੁਖਦਾਇਕ ਸੰਵੇਗ ਉਤੇਜਿਤ ਕਰਦੀਆਂ ਹਨ।

ਰੁਚੀਆਂ ਮਨੁੱਖ ਦੀਆਂ ਚਾਹਤਾਂ, ਪ੍ਰੇਰਨਾਵਾਂ, ਪ੍ਰਵਿਰਤੀਆਂ ਅਤੇ ਮੁੱਢਲੀਆਂ ਜ਼ਰੂਰਤਾਂ ਨਾਲ ਸੰਬੰਧਿਤ ਹਨ। ਰੁਚੀਆਂ ਅੰਦਰੂਨੀ ਅਤੇ ਹਾਸਿਲ ਕੀਤੀਆਂ ਵਿਵਸਥਾਵਾਂ ਹਨ। ਰੁਚੀਆਂ ਸਥਾਈ ਨਹੀਂ ਹੁੰਦੀਆਂ, ਇਹ ਉਮਰ ਦੇ ਵਾਧੇ ਨਾਲ ਬਦਲ ਜਾਂਦੀਆਂ ਹਨ। ਇਹ ਸਮੁੱਚੇ ਤੌਰ ਤੇ ਜੱਦੀ ਨਹੀਂ ਹੁੰਦੀਆਂ। ਇਹ ਹਾਸਿਲ ਵੀ ਕੀਤੀਆਂ ਹੁੰਦੀਆਂ ਹਨ।

ਕਈ ਤਰ੍ਹਾਂ ਦੇ ਕਾਰਨ ਰੁਚੀਆਂ ਦੇ ਪ੍ਰਭਾਵ ਪਾਉਂਦੇ ਹਨ। ਜੋ ਕਿ ਉਮਰ ਅਤੇ ਲਿੰਗ, ਸਰੀਰਕ ਵਾਧਾ, ਬੁੱਧੀ ਸਭਿਆਚਾਰਕ ਅਤੇ ਸਮਾਜਿਕ ਵਿਵਸਥਾ ਆਦਿ ਹਨ।

ਰੁਚੀਆਂ ਬਾਹਰੀ ਅਤੇ ਅੰਦਰੂਨੀ ਦੋਵੇਂ ਹੁੰਦੀਆਂ ਹਨ। ਇਸ ਤਰ੍ਹਾਂ ਦੀਆਂ ਰੁਚੀਆਂ ਹਨ ਜੋ ਕਿ ਅਭਿਵਿਅਕਤੀ ਅਤੇ ਸਪਸ਼ਟ ਹੁੰਦੀਆਂ ਹਨ ਜਿਨ੍ਹਾਂ ਨੂੰ ਮਾਪਿਆ ਜਾ ਸਕਦਾ ਹੈ ਅਤੇ ਨਿਰੀਖਣ ਕੀਤਾ ਜਾ ਸਕਦਾ ਹੈ।

ਰੁਚੀਆਂ ਨੂੰ ਮਾਪਣਾ ਇਕ ਮੁਸ਼ਕਿਲ ਕੰਮ ਹੈ। ਗਰੀਨ ਦੇ ਅਨੁਸਾਰ ਰੁਚੀ ਮਾਪੀ ਜਾਣ ਵਾਲੀ ਚੀਜ਼ ਨਹੀਂ ਹੈ। ਜਦ ਕਿ ਰੁਚੀਆਂ ਨੂੰ ਮਾਪਣ ਲਈ ਕਈ ਤਰ੍ਹਾਂ ਦੀਆਂ ਵਿਧੀਆਂ ਤਿਆਰ ਕੀਤੀਆਂ ਗਈਆਂ ਹਨ। ਮੁੱਖ ਰੁਚੀ ਸੂਚੀਆਂ ਹੇਠ ਲਿਖੀਆਂ ਹਨ :

1. Strong Vocational Interest Blank
2. Kuder Preference Record

ਵੱਖ-ਵੱਖ ਮਨੋਵਿਗਿਆਨਕਾਂ ਦੁਆਰਾ ਕੁਝ ਹੋਰ ਰੁਚੀ ਸੂਚੀਆਂ ਵੀ ਤਿਆਰ ਕੀਤੀਆਂ ਗਈਆਂ ਹਨ।

ਇਹ ਸੂਚੀਆਂ ਅਤੇ ਪ੍ਰੀਖਣ ਵਿਅਕਤੀ ਲਈ ਆਪਣੀਆਂ ਰੁਚੀਆਂ ਦਾ ਸਮੀਖਣ ਅਤੇ ਵਿਸ਼ਲੇਸ਼ਣ ਕਰਨ ਅਤੇ ਆਪਣੇ ਆਪ ਨੂੰ ਸਮਝਣ ਵਿਚ ਮਦਦਗਾਰ ਸਿੱਧ ਹੁੰਦੀਆਂ ਹਨ। ਇਹ ਸਿੱਖਿਅਕ ਅਤੇ ਕਿੱਤਾਕਾਰੀ ਅਗਵਾਈ ਵਿਚ ਮਦਦਗਾਰ ਹੁੰਦੀਆਂ ਹਨ।

ਇਨ੍ਹਾਂ ਵਿਚ ਕੁਝ ਊਣਤਾਈਆਂ ਵੀ ਹਨ। ਕੇਵਲ ਰੁਚੀਆਂ ਦੇ ਪ੍ਰੀਖਣ ਆਦਿ ਇਕੱਲੇ ਸਕੂਲ ਜਾਂ ਕਿੱਤੇ ਵਿਚ ਸਫਲਤਾ ਦੇ ਸੂਚਕ ਨਹੀਂ ਹੋ ਸਕਦੇ। ਰੁਚੀਆਂ ਦੇ ਮਾਪਾਂ ਨੂੰ ਬਹੁਤ ਜ਼ੋਰ ਨਹੀਂ ਦਿੱਤਾ ਜਾਣਾ ਚਾਹੀਦਾ। ਸਮਰਥਾਵਾਂ, ਸਿਖਲਾਈ ਅਤੇ ਸਿਖਲਾਈ ਦੀਆਂ ਵਿਵਸਥਾਵਾਂ ਤੇ ਵਾਜਿਬ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

### 3.5 ਸੁਝਾਈਆਂ ਪੁਸਤਕਾਂ (Suggested Readings)

1. Aggarwal, J.C. 1982, Educational, Vocational Guidance and Counselling, Doaba House, Delhi.
2. Bhatia, H.R. 1977, A Text Book of Educational Psychology, The Macmillian Company of India, Delhi.
3. Chaube, S.P., 1983, Educational Psychology, Lakshmi Narain Aggarwal, Agra.
4. Crow & Crow, 1969, Educational Psychology. Eurasia Publishing House, New Delhi.
5. Mangal, S.K., 1983, Psychological Foundations of Education, Parkash Brothers, Ludhiana.
6. Mathur, S.S., 1979, Educational Psychology, Vinod Pustak Mandir, Agra.
7. Singh, Arun Kumar, 1986, Test Measurement and Research Methods in Behavioural Sciences, Tata Mc GrawHill Publishing Company, Ltd,. New Delhi, pp. 175-179.

### 3.6 ਸੁਝਾਏ ਪ੍ਰਸ਼ਨ (Suggested Questions)

1. ਕੁਝ ਰੁਝਾਨ ਟੈਸਟਾਂ ਬਾਰੇ ਆਪਣੇ ਸ਼ਬਦਾਂ ਵਿਚ ਵਿਸਥਾਰਪੂਰਵਕ ਲਿਖੋ ਅਤੇ ਅਗਵਾਈ ਦੇਣ ਵਿਚ ਇਹਨਾਂ ਦੇ ਰੋਲ ਦੀ ਵਿਆਖਿਆ ਕਰੋ।
2. ਰੁਚੀਆਂ ਨੂੰ ਮਾਪਣ ਦੀਆਂ ਵਿਧੀਆਂ ਬਾਰੇ ਵਿਆਖਿਆ ਕਰੋ। ਕਿਸ਼ੋਰ ਅਵਸਥਾ ਵਿਚ ਰੁਚੀਆਂ ਦੀ ਸਥਿਰਤਾ ਤੇ ਟਿੱਪਣੀ ਕਰੋ।

# ਨਾਨ-ਟੈਸਟਿੰਗ ਤਕਨੀਕਾਂ-ਇੰਟਰਵਿਊ, ਰੇਟਿੰਗ ਸਕੇਲ, ਸੰਚਿਤ ਰਿਕਾਰਡ

**ਪਾਠ ਨੰਬਰ : 1.4**

**ਢਾਂਚਾ**

4. ਨਾਨ-ਟੈਸਟਿੰਗ ਤਕਨੀਕਾ
4.1 ਰੇਟਿੰਗ ਸਕੇਲਾਂ
4.2 ਇੰਟਰਵਿਊ
4.3 ਗੰਠਿਤ ਰਿਕਾਰਡ ਫਾਰਮ ਜਾਂ ਸੀ.ਆਰ.ਐਫੋ
4.4 ਸੰਖੇਪ
4.5 ਸੁਝਾਏ ਪ੍ਰਸਨ
4.6 ਸੁਝਾਈ ਪੁਸਤਕ ਸੂਚੀ

## 4. ਨਾਨ-ਟੈਸਟਿੰਗ ਤਕਨੀਕਾਂ (Non- Testing Techniques)

ਨਾਨ-ਟੈਸਟਿੰਗ ਤਕਨੀਕਾਂ ਵਿਚ ਇੰਟਰਵਿਊ ਵਿਧੀ, ਪ੍ਰਸਨਾਵਲੀ, ਰੇਟਿੰਗ ਸਕੇਲ, ਸੰਚਿਤ ਰਿਕਾਰਡ ਆਦਿ ਵਰਤੇ ਜਾਂਦੇ ਹਨ। ਜਦੋਂ ਕਿਸੇ ਵਿਅਕਤੀ ਨੂੰ ਇਨ੍ਹਾਂ ਦੁਆਰਾ ਸਮਝਾਇਆ ਜਾਦਾ ਹੈ ਤਾਂ ਇਸ ਵਿਚ ਕਈ ਤਰ੍ਹਾਂ ਦੀਆਂ ਰੁਕਾਵਟਾਂ ਆਉਂਦੀਆਂ ਹਨ। ਜਿਵੇਂ ਕਿ ਇੰਟਰਵਿਊ ਕਰਦੇ ਸਮੇ ਕਈ ਪ੍ਰਸਨਾਂ ਦੇ ਸੁਆਲ ਸਹੀ ਨਹੀਂ ਦਿੱਤੇ ਜਾਦੇ ਜਾਂ ਫਿਰ ਸਲਾਹ ਲੈਣ ਵਾਲਾ, ਝਿਜਕਦਾ ਆਪਣੇ ਬਾਰੇ ਪੂਰੀ ਜਾਣਕਾਰੀ ਨਹੀ ਦਿੰਦਾ। ਇਸ ਤਰ੍ਹਾਂ ਨਾਲ ਉਸ ਵਿਅਕਤੀ ਨੂੰ ਠੀਕ ਸਮਝਾਇਆ ਨਹੀਂ ਜਾ ਸਕਦਾ ਜਿਸ ਦੀ ਵਜਾ ਕਰਕੇ ਉਸਨੂੰ ਠੀਕ ਅਗਵਾਈ ਨਹੀਂ ਦਿੱਤੀ ਜਾ ਸਕਦੀ। ਇਸ ਤਰ੍ਹਾਂ ਹੀ ਬਾਕੀ ਹੋਰ ਜਿਹੜ੍ਹੀਆ ਨਾਨ ਟੈਸਟਿੰਗ ਤਕਨੀਕਾਂ ਵਰਤੀਆਂ ਜਾ ਸਕਦੀਆਂ ਹਨ, ਉਨ੍ਹਾਂ ਵਿਚ ਵੀ ਰੁਕਾਵਟ ਹੈ। ਕਿਉਂਕਿ ਸਾਡੇ ਦੇਸ ਵਿਚ ਟਰੇਨਿੰਗ ਪ੍ਰਾਪਤ ਅਗਵਾਈ ਕਰਮਚਾਰੀਆਂ ਦੀ ਘਾਟ ਹੈ। ਨਾਨ ਟੈਸਟਿੰਗ ਤਕਨੀਕਾਂ ਹੇਠ ਲਿਖੇ ਅਨੁਸਾਰ ਹਨ।

1) ਰੇਟਿੰਗ ਸਕੇਲ
2) ਇੰਟਰਵਿਊ
3) ਸੰਚਿਤ ਰਿਕਾਰਡ

## 4.1 ਰੇਟਿੰਗ ਸਕੇਲਾਂ (Rating Scales):

**(ੳ) ਜਾਣ ਪਛਾਣ:** ਇਹ ਕਿਸੇ ਵੀ ਮਨੋਵਿਗਿਆਨਕ ਟੈਸਟਾਂ ਦੀ ਵਿਧੀ ਨਾਲੋ ਵੱਖਰਾ ਨਹੀਂ ਹੁੰਦਾ ਹੈ ਪਰ ਮਨੁੱਖੀ ਜਜਮੈਂਟ ਤੇ ਨਿਰਭਰ ਹੁੰਦੀ ਹੈ। ਰੇਟਿੰਗ ਸਕੇਲ ਇਕ ਵਿਧੀ ਹੁੰਦੀ ਹੈ ਜਿਸ ਦੁਆਰਾ ਅਸੀਂ ਆਪਣੀ ਕਿਸੇ ਵੀ ਸਥਿਤੀ ਬਾਰੇ ਵਿਚਾਰਾਂ ਨੂੰ ਇਕ ਸਿਸਟਮ ਵਿਚ ਢਾਲਦੇ ਹਨ। ਰੇਟਿੰਗ ਸਕੇਲ ਦੀਆਂ ਦੋ ਖਾਸੀਅਤਾਂ ਹੁੰਦੀਆਂ ਹਨ ਅਤੇ ਇਹ ਆਮ ਕਰਕੇ ਕਿਸੇ ਵਿਅਕਤੀ ਦੇ ਵਿਅਕਤੀਤਵ ਬਾਬਤ ਕਿਸੇ ਦੇ ਵਿਚਾਰਾਂ ਨੂੰ ਵੀ ਦਰਸਾਉਂਦੀਆਂ ਹੈ। (ੳ) ਉਹ ਪਰਸਥਿਤੀ ਜਿਸਨੂੰ ਕਿ ਮਾਪਿਆ ਜਾਂਦਾ ਹੈ (ਅ) ਕੋਈ ਉਸ ਐਟਮ ਮਾਪ, ਤੋਲ, ਵਾਪਰਨ ਦੀ ਮਹੱਤਤਾ ਨੂੰ ਤੋਲਿਆ ਜਾਣਾ ਹੁੰਦਾ ਹੈ।

**(ਅ) ਰੇਟਿੰਗ ਸਕੇਲ ਦੀਆਂ ਕਿਸਮਾਂ:**

1. ਵਿਆਖਿਆਤਮਕ ਰੇਟਿੰਗ ਸਕੇਲ
2. ਨੋਮੈਰੀਕਲ ਸਕੇਲ
3. ਗਰਾਫਿਕ ਸਕੇਲ
4. ਪ੍ਰਤੀਸਤ ਗਰੁੱਪ ਸਕੇਲ
5. ਸਟੈਂਡਰਡ ਸਕੇਲ

**(ੲ) ਰੇਟਿੰਗ ਸਕੇਲ ਦੇ ਸਿਧਾਤ:**

| | | | |
|---|---|---|---|
| 1. | ਸਵੱਛਤਾ | 2. | ਸੰਬਧਤਾ |
| 3. | ਸੰਪੇਖ | 4. | ਵੱਖਰੀ ਕਿਸਮ |
| 5. | ਨਿਰਪੱਖਤਾ | 6) | ਵਿਲੱਖਣਤਾ |

**(ਸ) ਕਿੰਨੇ ਨੁਕਤਿਆ ਦੀ ਸਕੇਲ ਹੋਣੀ ਚਾਹੀਦੀ ਹੈ:**

ਆਮ ਕਰਕੇ ਇਸਨੂੰ 5 ਜਾ 7 ਨੁਕਤੀ ਵਿਚ ਰੱਖਿਆਂ ਜਾਂਦਾ ਹੈ। ਪਰ ਇਸ ਬਾਰੇ ਕੋਈ ਵਿਸੇਸ ਅਸੂਲ ਨਹੀਂ ਹੈ।

**(ਹ) ਰੇਟਿੰਗ ਸਕੇਲ ਦੀਆਂ ਸੀਮਾਵਾਂ:**

1) ਇਸ ਨਾਲ ਸਪੱਸਟ ਤੁਲਣਾ ਨਹੀਂ ਹੁੰਦੀ। ਰੇਟਿੰਗ ਕਰਨ ਵਾਲੇ ਦੇ ਸੁਭਾਅ ਤੇ ਨਿਰਭਰ ਕਰਦੀ ਹੈ।

2) ਉਨ੍ਹਾ ਪਰਸਥਿਤੀਆਂ ਦੀ ਰੇਟਿੰਗ ਨਹੀਂ ਕਰਨੀ ਚਾਹੀਦੀ ਜਿਨ੍ਹਾਂ ਬਾਰੇ ਭਰੋਸੇਯੋਗ ਤੇ ਨਿਰਪੱਖ ਡੈਟਾ ਮਿਲਦਾ ਹੋਵੇ।

## 4.2 ਇੰਟਰਵਿਊ (Interview):

**(ੳ) ਜਾਣ ਪਹਿਚਾਣ:** ਮੁਲਾਕਣ ਵਿਚ ਇਕ ਵਿਅਕਤੀ ਦੂਸਰੇ ਵਿਅਕਤੀ ਤੋਂ ਪੁੱਛ ਗਿੱਛ ਕਰਕੇ ਕੁਝ ਸੂਚਨਾ ਪ੍ਰਾਪਤ ਕਰਨ ਦਾ ਸਾਧਨ ਹੈ। ਗੁੰਝਲਦਾਰ ਵਿਅਕਤੀਆਂ ਪਾਸੋਂ ਸੂਚਨਾ ਪ੍ਰਾਪਤ ਕਰਨ ਲਈ ਕਈ ਵਾਰ ਇਕ ਤੋਂ ਵੱਧ ਵਾਰ ਵੀ ਮੁਲਾਂਕਾਤਾਂ ਕਰਨੀਆਂ ਪੈਂਦੀਆਂ ਹਨ।

**(ਅ) ਇੰਟਰਵਿਊ ਦੇ ਮੁੱਦੇ:**

1) ਮੂਲਾਂਕਣ ਲਈ ਇੰਟਰਵਿਊ ਜਾਂ ਰੋਜਗਾਰ ਲਈ ਇੰਟਰਵਿਊ
2) ਤੁਆਰਫ ਲਈ ਇੰਟਰਵਿਊ
3) ਸੂਚਨਾਂ ਪ੍ਰਦਾਨ ਕਰਨ ਲਈ
4) ਤਫਸੀਸ ਕਰਨ ਲਈ ਇੰਟਰਵਿਊ
5) ਅਨੁਸਾਸਨੀ ਇੰਟਰਵਿਊ
6) ਖੋਜ ਲਈ ਕੀਤੀ ਗਈ ਇੰਟਰਵਿਊ
7) ਸਧਾਰਨ ਇੰਟਰਵਿਊ
8) ਕੌਂਸਲਿੰਗ ਇੰਟਰਵਿਊ

**(ੲ) ਇੰਟਰਵਿਊ ਦੀਆਂ ਕਿਸਮਾਂ:**

1) ਮਾਰਗਦਰਸਨਦਾਤਾ ਕੇਂਦਰਿਤ ਤੇ ਸਲਾਹ ਬਿਨੈਕਾਰੀ ਕੇਂਦਰਿਤ ਜਾਂ ਵਿਉਤਬੰਧ ਤੇ ਗੈਰ-ਵਿਉਤਬੰਧ ਇੰਟਰਵਿਊ: ਵਿਉਂਤਬੰਧ ਇੰਟਰਵਿਊ ਮਾਰਗਦਰਸਨ ਦਾਤਾ ਕੇਦਰਰਿਤ ਮੁਲਾਕਤ ਨੂੰ ਅਤੇ ਗੈਰ ਵਿਉਤਬੰਧ ਬਿਨੇਕਾਰ ਕੇਂਦਰਿਤ ਇਟਰਵਿਊ ਨੂੰ ਕਿਹਾ ਜਾਂਦਾ ਹੈ।

2) ਇੱਛਤ ਤੇ ਅਣਇੱਛਤ ਮੁਲਾਕਤ: ਇੱਛਤ ਇੰਟਰਵਿਊ ਪ੍ਰਾਰਥੀ ਕੇਂਦਰਿਤ ਹੁੰਦੀ ਹੈ ਜਦੋਂ ਕਿ ਅਣ ਇੱਛਤ ਸਲਾਹਦਾਤਾ ਕੇਂਦਰਿਤ ਹੁੰਦੀ ਹੈ।

3) ਅਨੁਸੂਚਿਤ ਅਤੇ ਅਨੁਸੂਚੀ ਰਹਿਤ ਇੰਟਰਵਿਊ: ਅਨੁਸੂਚਿਤ ਇੰਟਰਵਿਊ ਦਾ ਪਹਿਲਾ ਹੀ ਪ੍ਰਬੰਧ ਕੀਤਾ ਜਾਂਦਾ ਹੈ। ਇਕ ਇੱਛਤ ਵੀ ਹੋ ਸਕਦੀ ਹੈ ਤੇ ਅਣ ਇੱਛਤ ਵੀ । ਅਨੁਸੂਚੀ ਰਹਿਤ ਇੰਟਰਵਿਊ ਆਕਸਮਿਕ ਹੁੰਦੀ ਹੈ ਤੇ ਇਸਦਾ ਪਹਿਲਾ ਪ੍ਰਬੰਧ ਨਹੀਂ ਕੀਤਾ ਜਾਂਦਾ।

**(ਸ) ਇੰਟਰਵਿਊ ਦੇ ਕਾਰਜ:**

1) ਵਿਅਕਤੀ ਪਾਸੋ ਸੂਚਨਾ ਤੇ ਜਾਂਣਕਾਰੀ ਪ੍ਰਾਪਤ ਕਰਨਾ।
2) ਸੂਚਨਾ ਤੇ ਜਾਣਕਾਰੀ ਪ੍ਰਦਾਨ ਕਰਨਾ।

3) ਵਿਅਕਤੀ ਨੂੰ ਆਪਣੇ ਆਪ ਵਿਚ ਰੁਚੀ ਲੈਣ ਲਈ ਪ੍ਰੇਰਿਤ ਕਰਨਾ।

4) ਸਮੱਸਿਆ ਦਾ ਹੱਲ ਲੱਭਣ ਵਿਚ ਸਹਾਇਤਾ ਕਰਨਾ।

(ਹ) **ਇੰਟਰਵਿਊ ਦੇ ਸਾਧਾਰਣ ਨਿਯਮ:** ਬਲੱਮ ਅਤੇ ਬੇਲਿਨਸਕਾਈ ਨੇ ਇੰਟਰਵਿਊ ਦੇ ਸਾਧਾਰਣ ਨਿਯਮ ਇਸ ਪ੍ਰਕਾਰ ਦਿੱਤੇ ਹਨ।

1) ਘਨਿਸਟਤਾ ਪੈਦਾ ਕਰੋ ਤੇ ਕਾਇਮ ਰੱਖੋ।

2) ਵਿਅਕਤੀ ਨੂੰ ਆਜਾਦੀ ਨਾਲ ਬੋਲਣ ਦਿਉ।

3) ਆਲੋਚਨਾ ਨਾ ਕਰੋ।

4) ਬਹਿਸ ਨਾ ਕਰੋ।

5) ਇਕ ਸਮਝਦਾਰ ਸਰੋਤੇ ਵਾਂਗ ਵਿਹਾਰ ਕਰੋ ਤੇ ਹੁਕਮ ਨਾ ਜਤਾਉ।

6) ਵਿਅਕਤੀ ਨੂੰ ਸੰਵੇਗਾਤਮਕ ਲੋੜਾਂ ਨੂੰ ਸਮਝਣ ਦੇ ਯੋਗ ਬਣਾਉ।

7) ਭਿੰਨ ਭਿੰਨ ਭਾਵਨਾਵਾਂ ਦਾ ਧਿਆਨ ਰੱਖੋ।

8) ਵਿਅਕਤੀ ਦੀ ਗੱਲ ਬਾਤ ਦਾ ਪ੍ਰਸੰਗ ਦੇ ਨਾਲ ਸੰਬੰਧ ਰੱਖੋ।

9) ਉਚਿਤ ਸਮੇਂ ਗੱਲਬਾਤ ਕਰਨਾ ਜਾਂ ਪ੍ਰਸਨ ਪੁੱਛਣਾ।

10) ਧਿਆਨ ਰੱਖੋ ਕਿ ਵਿਅਕਤੀ ਜੋ ਕਹਿਣਾ ਚਾਹੁੰਦਾ ਹੈ, ਕੀ ਉਹ ਕਹਿ ਸਕਦਾ ਹੈ ਕਿ ਨਹੀਂ।

## 4.3 ਸੰਚਿਤ ਰਿਕਾਰਡ ਫ਼ਾਰਮ ਜਾਂ ਸੀ. ਆਰ. ਐਫ : *(Cummulative Record Form or C.R.F)*

ਇਹ ਇਕ ਪ੍ਰਕਾਰ ਦਾ ਕਾਰਡ ਜਾਂ ਲਿਫਾਫਾ ਜਾਂ ਫਾਈਲ ਵਿਚ ਰੱਖੇ ਹੋਏ ਪੰਨੇ ਹੁੰਦੇ ਹਨ ਜਿਸ ਵਿਚ ਬੱਚਾ ਜਦੋਂ ਵੀ ਸਕੂਲ ਵਿਚ ਪੜ੍ਹਨ ਲਗਦਾ ਹੈ, ਉਸ ਸਮੇਂ ਤੋਂ ਜਦੋਂ ਤੱਕ ਕਿ ਉਹ ਸਕੂਲ ਦੀ ਪੜ੍ਹਾਈ ਜਾਂ ਪੂਰੀ ਨਹੀਂ ਕਰ ਲੈਂਦਾ ਜਾਂ ਵਿਚੇ ਹੀ ਛੱਡ ਕੇ ਨਹੀਂ ਚੱਲਿਆ ਜਾਂਦਾ, ਦਾ ਉਸ ਦਾ ਭਰਪੂਰ ਰਿਕਾਰਡ ਹੁੰਦਾ ਹੈ। ਕਈ ਵਾਰ ਇਸ ਨੂੰ ਸੀ. ਆਰ. ਐਫ. ਵੀ ਕਿਹਾ ਜਾਂਦਾ ਹੈ ਤੇ ਇਹ ਇਕ ਵਿਅਕਤੀ ਦਾ ਇਕੋ ਹੀ ਹੁੰਦਾ ਹੈ। ਇਸ ਵਿਚ ਬੱਚੇ ਦੀਆਂ ਪ੍ਰਾਪਤੀਆਂ, ਮੁਲਾਂਕਣ, ਗਤੀਵਿਧੀਆਂ ਆਦਿ ਦਾ ਸੰਪੂਰਨ ਰਿਕਾਰਡ ਹੁੰਦਾ ਹੈ। ਇਸ ਵਿਚ ਉਸ ਦੇ ਘਰ ਦੀ, ਸਿਹਤ ਦੀ, ਮਾਨਸਿਕ ਪ੍ਰਫੁਲਤਾ ਦੀ, ਸਮਾਜਿਕ ਤੇ ਨੈਤਿਕ ਪ੍ਰਕਾਰ ਦੀ ਪੂਰੀ ਪੂਰੀ ਸੂਚਨਾ ਹੁੰਦੀ ਹੈ। ਇਸ ਬਾਰੇ ਜੌਹਨ ਵਾਲਟਰ ਦਾ ਕਥਨ ਹੈ, "ਕ_ਝ ਕੁਝ ਸਮੇਂ ਬਾਅਦ ਕਿਸੇ ਵਿਦਿਆਰਥੀ ਬਾਬਤ ਵੱਖ ਵੱਖ ਤਕਨੀਕਾਂ ਦੁਆਰਾ ਇਕੱਠੀ ਕੀਤੀ ਹੋਈ ਸੂਚਨਾ ਜਿਵੇ ਕਿ ਪ੍ਰੀਖਣਾ ਰਾਹੀਂ, ਇਨਵੈਨਟਰੀਆਂ ਰਾਹੀਂ, ਨਿਰੀਖਣਾਂ ਰਾਹੀਂ, ਇਨਟਰਵੀਉ ਰਾਹੀਂ, ਕੇਸ ਸਟੱਡੀ ਰਾਹੀਂ ਤੇ ਕੇਸ ਕਾਨਫਰੈਂਸਾ ਰਾਹੀਂ ਦੀ ਸਮਗੱਰੀ ਬਣ ਕੇ ਸੰਚਿਤ ਰਿਕਾਰਡ ਵਿਚ ਦਰਜ ਕਰਦੇ ਰਹਿਣਾ ਚਾਹੀਦਾ ਹੈ।

ਇਹ ਇਕ ਇਸ ਪ੍ਰਕਾਰ ਦਾ ਰਿਕਾਰਡ ਹੁੰਦਾ ਹੈ ਜਿਸ ਵਿਚ ਕਿ ਕਿਸੇ ਇਕ ਵਿਅਕਤੀ ਦੀ ਸਭ ਤਰਾਂ ਦੀ ਸੂਚਨਾ ਇਕ ਥਾਂ ਤੇ ਇਕੱਤਰ ਕੀਤੀ ਹੋਈ ਹੁੰਦੀ ਹੈ। ਇਸ ਤਰ੍ਹਾਂ ਨਾਲ ਇਸ ਪ੍ਰਕਾਰ ਇਕ ਥਾਂ ਤੇ ਇਕੱਠੀ ਕੀਤੀ ਹੋਈ ਸਮਗੱਰੀ ਉਸ ਦੀ ਮਦਦ ਲਈ ਉਪਲੱਭਧ ਹੁੰਦੀ ਹੈ ਜਦੋਂ ਤੱਕ ਕਿ ਉਹ ਸਕੂਲ ਵਿਚ ਰਹਿੰਦਾ ਹੈ। ਇਸ ਦਾ ਪ੍ਰਯੋਗ ਉਸ ਦੀਆਂ ਸਾਰੀਆਂ ਤਰ੍ਹਾਂ ਦੀਆਂ ਸਮੱਸਿਆਵਾਂ ਭਾਵੇਂ ਉਹ ਸਿੱਖਿਆ ਹੋਣ, ਭਾਵੇਂ ਕਿੱਤਾਕਾਰੀ ਨਾਲ ਸੰਬੰਧਿਤ ਤੇ ਭਾਵੇਂ ਵਿਅਕਤੀਗਤ ਭਾਂਤ ਦੀਆਂ ਹੋਣ, ਵਿਚ ਕੰਮ ਆਉਂਦੀਆਂ ਰਹਿੰਦੀਆਂ ਹਨ। ਇਸ ਪ੍ਰਕਾਰ ਇਹ ਉਸ ਦਾ ਸਰਵਪੱਖੀ ਵਿਕਾਸ ਲਈ ਬਹੁਤ ਜਰੂਰੀ ਭਾਂਤ ਦਾ ਰਿਕਾਰਡ ਹੁੰਦਾ ਹੈ। ਪਹਿਲਾਂ-ਪਹਿਲ ਇਹ 1928 ਵਿਚ ਅਮਰੀਕਨ ਕੌਂਸਲ ਔਨ ਐਜੂਕੇਸ਼ਨ ਦੁਆਰਾ ਜਾਰੀ ਕੀਤਾ ਗਿਆ ਸੀ।

### (ੳ) ਸੰਚਿਤ ਰਿਕਾਰਡ ਦੇ ਲਾਭ (Advantages of Cummulative Record) :

1. ਸੀ. ਆਰ. ਐਫ. ਵਿਚਲਾ ਰਿਕਾਰਡ ਵਿਅਕਤੀ ਲਈ ਉਸ ਦੀ ਸੇਵਾ ਲਈ ਹਰ ਪਰਕਾਰ ਦੀ ਸੂਚਨਾ ਪ੍ਰਦਾਨ ਕਰਨ ਲਈ ਤਿਆਰ ਸੂਚੀ ਹੁੰਦੀ ਹੈ, ਜਿਵੇਂ ਕਿ ਉਸ ਦਾ ਤਜ਼ਰਬਾ, ਨਵੀਆਂ ਪ੍ਰਾਪਤੀਆਂ, ਉਸ

ਦੀਆਂ ਵਿਸੇਸ਼ਤਾਈਆਂ ਤੇ ਕਮਜ਼ੋਰੀਆਂ ਆਦਿ।

2. ਇਸ ਵਿਚ ਵਿਅਕਤੀ ਦੇ ਪਰਿਵਾਰ ਦੀ, ਉਨ੍ਹਾਂ ਦੇ ਰਹਿਣ ਸਹਿਣ ਦੀ ਪੱਧਰ ਦੀ, ਉਸ ਦੇ ਮਾਪਿਆਂ ਦੀ, ਉਸ ਦੇ ਸਮੁਦਾਇ ਦੀ ਪੂਰੀ ਪੂਰੀ ਜਾਣਕਾਰੀ ਹੁੰਦੀ ਹੈ ਜਿਵੇਂ ਕਿ ਮਤਰੇਏ ਮਾਪੇਨਸ਼ੀਲੇ ਮਾਪੇ, ਵਿਹਾਰ ਦੀਆਂ ਸਮੱਸਿਆਵਾਂ ਤੇ ਕਿਸ ਪ੍ਰਕਾਰ ਸੇਵਾਵਾਂ ਪ੍ਰਦਾਨ ਕੀਤੀਆਂ ਜਾਣ ਦਾ ਵੇਰਵਾ ਹੁੰਦਾ ਹੈ।
3. ਇਸ ਵਿਚ ਉਸ ਦੀਆਂ ਕ੍ਰਿਆਵਾਂ ਬਾਬਤ ਜਿਵੇਂ ਕਿ ਹੌਬੀਆਂ ਆਦਿ ਦਾ ਵੇਰਵਾ ਵੀ ਹੁੰਦਾ ਹੈ ਜਿਸ ਤੋਂ ਉਸ ਦੀਆਂ ਰੁਚੀਆਂ ਤੇ ਰੁਝਾਨਾਂ ਬਾਰੇ ਪੂਰਾ ਪੂਰਾ ਪਤਾ ਲਗਦਾ ਹੈ।
4. ਇਸ ਨਾਲ ਬੱਚੇ ਨੂੰ ਜੇ ਪੜ੍ਹਾਉਣ ਦੀਆਂ ਵਿਸੇਸ਼ ਲੋੜਾਂ ਹੋਣ ਤਾਂ ਉਸ ਲਈ ਵੀ ਪ੍ਰਬੰਧ ਕੀਤਾ ਜਾ ਸਕਦਾ ਹੈ।
5. ਇਸ ਨਾਲ ਵਿਦਿਆਰਥੀ ਦੀ ਸਿੱਖਿਅਕ ਤੇ ਕਿੱਤਕਾਰੀ ਸਥਾਪਨਾ ਲਈ ਵੀ ਸਹਾਇਤਾ ਮਿਲਦੀ ਹੈ।
6. ਇਸ ਦੁਆਰਾ ਬੱਚੇ ਦੇ ਵਿਸੇਸ਼ ਬੁੱਧੀ, ਸਿਰਜਨਾਤਮਿਕਤਾ, ਘੱਟ ਬੁੱਧੀ, ਕਮਜੋਰੀਆਂ ਤੇ ਵਿਸੇਸ਼ਤਾਈਆਂ ਦਾ ਵੀ ਪਤਾ ਚਲਦਾ ਹੈ।
7. ਇਸ ਵਿਚ ਅਜਿਹੇ ਵੇਰਵੇ ਵੀ ਹੁੰਦੇ ਹਨ ਜਿਨ੍ਹਾਂ ਰਾਹੀਂ ਕਿ ਉਸ ਦੀਆਂ ਕਮਜੋਰੀਆਂ ਜਿਵੇਂ ਝਗੜਾਲੂ ਆਦਿ ਦਾ ਵੀ ਪਤਾ ਚਲਦਾ ਹੈ।
8. ਵਿਅਕਤੀ ਬਾਬਤ ਇਸ ਵਿਚ ਹਰ ਪ੍ਰਕਾਰ ਦੀ ਭਰਵੀਂ ਸੂਚਨਾ ਹੁੰਦੀ ਹੈ। ਘਰ ਦੀ, ਸਕੂਲ ਦੀ ਤੇ ਪ੍ਰਾਪਤੀਆਂ ਦੀ।
9. ਸਕੂਲ ਉਸ ਨੂੰ ਨੌਕਰ ਰੱਖਣ ਵਾਲੀ ਸੰਸਥਾ ਨੂੰ ਵਿਅਕਤੀ ਬਾਬਤ ਭਰਵੀਂ ਸੂਚਨਾ ਪ੍ਰਦਾਨ ਕਰ ਸਕਦਾ ਹੁੰਦਾ ਹੈ। ਬਾਹਰਲੇ ਵਿਕਸਤ ਦੇਸ਼ਾਂ ਵਿਚ ਇਸ ਦੀ ਬਹੁਤ ਮਹੱਤਤਾ ਹੁੰਦੀ ਹੈ।
10. ਸਕੂਲ ਇਸ ਦੇ ਆਧਾਰ ਤੇ ਲੋਕ ਭਲਾਈ ਸੰਸਥਾਵਾਂ ਨਾਲ ਵੀ ਸੰਪਰਕ ਬਣਾ ਸਕਦਾ ਹੁੰਦਾ ਹੈ।
11. ਜਦੋਂ ਕੁਝ ਵਿਦਿਆਰਥੀ ਇਕ ਸਕੂਲ ਵਿਚੋਂ ਦੂਸਰੇ ਸਕੂਲ ਵਿਚ ਜਾਂਦਾ ਹੈ ਤਾਂ ਜਾਣ ਵਾਲੇ ਸਕੂਲ ਨੂੰ ਵਿਦਿਆਰਥੀ ਬਾਰੇ ਭਰਵੀਂ ਸੂਚਨਾ ਮਿਲ ਜਾਂਦੀ ਹੈ।
12. ਇਸ ਵਿਚਲੀ ਸੂਚਨਾ ਕੌਂਸਲਰ ਲਈ ਬੜੀ ਲਾਭਕਾਰੀ ਹੁੰਦੀ ਹੈ।
13. ਇਸ ਵਿਚਲੀ ਸੂਚਨਾ ਜਮਾਤ ਦੇ ਅਧਿਆਪਕ ਲਈ ਵੀ ਬੜੀ ਲਾਭਕਾਰੀ ਹੁੰਦੀ ਹੈ।
14. ਹੁਣ ਜ਼ੋਰ ਟੈਸਟ ਰਹਿਤ ਵਿਧੀਆਂ ਉੱਪਰ ਦਿੱਤਾ ਜਾਂਦਾ ਹੈ। ਇਸ ਨਾਲ ਇਸ ਦੀ ਹੋਰ ਵੀ ਮਹੱਤਤਾ ਵੱਧ ਗਈ ਹੈ।

**(ਅ) ਸੰਚਿਤ ਰਿਕਾਰਡ ਦੀ ਦੇਖਭਾਲ (Maintenance of Cummulative Record) :**

ਇਸ ਰਿਕਾਰਡ ਦਾ ਬਨਾਉਣਾ ਉਸ ਸਮੇ ਆਰੰਭ ਕੀਤਾ ਜਾਂਦਾ ਹੈ ਜਦੋਂ ਕਿ ਬੱਚੇ ਸਕੂਲ ਵਿਚ ਦਾਖਲ ਹੁੰਦੇ ਹਨ ਤੇ ਹਰ ਇਕ ਜਮਾਤ ਵਿਚ ਉਸ ਦੇ ਨਾਲ ਨਾਲ ਹੀ ਤੁਰਦਾ ਰਹਿੰਦਾ ਹੈ। ਜੇ ਵਿਅਕਤੀ ਦੂਸਰੇ ਸਕੂਲ ਵਿਚ ਜਾਵੇ ਤਾਂ ਉਹ ਨਾਲ ਹੀ ਜਾਂਦਾ ਹੈ। ਇਸ ਵਿਚ ਉਸ ਦੀਆਂ ਸਾਰੀਆਂ ਦੀਆਂ ਸਾਰੀਆਂ ਉਪਲੱਭਦੀਆਂ ਹੁੰਦੀਆਂ ਹਨ। ਵਿਦਿਆਰਥੀ ਦੀ ਜਮਾਤ ਦਾ ਅਧਿਆਪਕ ਜੋ ਕਿ ਵਿਅਕਤੀ ਤੋਂ ਪੂਰਨ ਭਾਂਤ ਜਾਣੂ ਹੋਵੇਗਾ ਉਸ ਵਿਚ ਅੰਦਰਾਜ ਕਰੇਗਾ। ਉਹ ਆਪਣੀ ਡਾਇਰੀ ਵਿਚ ਉਸ ਦੀ ਸੂਚਨਾਵਾਂ ਦਰਜ ਕਰਦਾ ਰਹੇਗਾ ਤੇ ਸਮਾਂ ਮਿਲਣ ਤੇ ਉਸ ਵਿਚ ਅੰਦਰਾਜ਼ ਕਰੇਗਾ। ਸਾਲ ਦੇ ਅੰਤ ਵਿਚ ਉਹ ਉਸ ਬਾਬਤ ਨਾ ਸਿਰਫ ਆਪਣੀ ਰਾਏ ਹੀ ਲਿਖੇਗਾ ਸਗੋਂ ਉਸ ਨੂੰ ਹਰ ਪ੍ਰਕਾਰ ਤੋਂ ਸੰਪੂਰਨ ਵੀ ਕਰੇਗਾ।

ਇਮਤਿਹਾਨ ਦੀਆਂ ਪ੍ਰਾਪਤੀਆਂ ਸਾਰੇ ਇਮਤਿਹਾਨਾਂ ਨੂੰ ਸੰਪੂਰਨ ਹੋਣ ਤੋਂ ਉਪਰੰਤ ਹੀ ਦਰਜ ਕੀਤੀਆਂ ਜਾਣਗੀਆਂ। ਲੋੜ ਹੋਵੇ ਤਾਂ ਇਨ੍ਹਾਂ ਦੇ ਅੰਦਰਾਜ ਕਰਨ ਤੋਂ ਪਹਿਲਾਂ ਬਾਕੀ ਦੇ ਅਧਿਆਪਕਾਂ ਨਾਲ ਵੀ ਸਲਾਹ ਮਸ਼ਵਰਾ ਕਰ ਲੈਣਾ ਚਾਹੀਦਾ ਹੈ।

**(ੲ) ਸੰਚਿਤ ਰਿਕਾਰਡ ਨੂੰ ਯੋਗ ਢੰਗ ਨਾਲ ਰੱਖਣ ਦੀਆਂ ਸਮੱਸਿਆਵਾਂ (Problems of Maintenance of CRF) :**

1. ਜਿਸ ਪ੍ਰਕਾਰ ਦੀ ਸਥਿਤੀ ਕਿ ਹੁਣ ਭਾਰਤ ਵਿਚ ਚਲ ਰਹੀ ਹੈ ਜਿਥੇ ਮਾਰਗਦਰਸ਼ਨ ਸੇਵਾਵਾਂ ਸਿਰਫ ਬਾਲ ਅਵਸਥਾ ਵਿਚ ਹੀ ਹਨ। ਚੰਗਾ ਇਹ ਹੁੰਦਾ ਹੈ ਕਿ ਇਸ ਵਿਚ ਸਾਰੇ ਅੰਦਰਾਜ ਜਮਾਤ ਇਨਚਾਰਜ ਹੀ ਕਰੇ।
2. ਇਕ ਆਮ ਪ੍ਰਕਾਰ ਦਾ ਸੀ. ਆਰ. ਐਫ. ਅੱਠ ਜਾਂ ਦਸ ਪੰਨਿਆਂ ਦਾ ਹੁੰਦਾ ਹੈ। ਇਸ ਨੂੰ ਭਰਨਾ ਕਾਫੀ ਸਮੇਂ ਦੀ ਲਾਗਤ ਮੰਗਦਾ ਹੈ। ਇਸ ਨੂੰ ਯੋਗ ਭਾਂਤ ਰੱਖਣ ਲਈ ਲੋੜੀਂਦੇ ਫਰਨੀਚਰ ਦੀ ਉਪਲੱਭਤਾ ਮਿਲਣੀ ਚਾਹੀਦੀ ਹੈ। ਅਜਿਹਾ ਕਰਨ ਲਈ ਲੋੜੀਂਦਾ ਧਨ ਉਪਲੱਭਧ ਕਰਵਾਉਣਾ ਹੀ ਪਵੇਗਾ।
3. ਜਦੋਂ ਤੱਕ ਸਕੂਲਾਂ ਵਿਚ ਕੈਰੀਅਰ ਮਾਸਟਰ ਨਿਯੁਕਤ ਨਹੀਂ ਹੁੰਦੇ ਇਸ ਨੂੰ ਕੌਂਸਲਰ ਦੇ ਨਾਲ ਵਾਲੇ ਕਮਰੇ ਵਿਚ ਰਖਣਾ ਚਾਹੀਦਾ ਹੈ। ਜਦੋਂ ਕੈਰੀਅਰ ਮਾਸਟਰ ਦੀ ਨਿਯੁਕਤੀ ਹੋ ਜਾਵੇ ਤਾਂ ਇਸ ਨੂੰ ਉਸ ਦੇ ਕਮਰੇ ਵਿਚ ਘੱਲ ਦੇਣਾ ਚਾਹੀਦਾ ਹੈ ਤੇ ਉਸ ਨੂੰ ਘੱਟ ਤੋਂ ਘੱਟ ਅੱਧੇ ਦਿਨ ਦਾ ਸਮਾਂ ਇਸ ਨੂੰ ਸੰਪੂਰਨ ਰੱਖਣ ਲਈ ਪ੍ਰਦਾਨ ਕਰਨਾ ਚਾਹੀਦਾ ਹੈ।
4. ਇਹ ਫੈਸਲਾ ਵੀ ਕਰ ਲੈਣਾ ਚਾਹੀਦਾ ਹੈ ਕਿ ਇਸ ਨੂੰ ਫਾਈਲ ਵਿਚ ਰੱਖਣਾ ਹੈ ਜਾਂ ਫੇਰ ਹਰ ਵਿਦਿਆਰਥੀ ਲਈ ਵੱਖਰਾ ਵੱਖਰਾ ਲਿਫਾਫਾ ਬਨਾਉਣਾ ਹੈ।
5. ਜਦੋਂ ਵੀ ਕੋਈ ਘਟਨਾ ਵਾਪਰੇ, ਯਤਨ ਇਹ ਕਰਨੇ ਚਾਹੀਦੇ ਹਨ ਕਿ ਉਸ ਤੋਂ ਫੌਰਨ ਬਾਅਦ ਹੀ ਉਸ ਨੂੰ ਸੀ. ਆਰ. ਐਫ. ਵਿਚ ਦਰਜ ਕਰ ਦਿੱਤਾ ਜਾਵੇ।
6. ਸੀ. ਆਰ. ਐਫ. ਦੀ ਸਮਗੱਰੀ ਨੂੰ ਸਥਾਨੀ ਲੋੜਾਂ ਅਨੁਸਾਰ ਸੰਪੂਰਨ ਕਰਕੇ ਤਬਦੀਲੀਆਂ ਕਰ ਲੈਣੀਆਂ ਚਾਹੀਦੀਆਂ ਹਨ।
7. ਇਹ ਧਿਆਨ ਰੱਖਣ ਦੀ ਲੋੜ ਹੋਵੇਗੀ ਕਿ ਵਿਦਿਆਰਥੀ ਸਕੂਲ ਤੋਂ ਬਾਅਦ ਕਿਥੇ ਜਾਂਦਾ ਹੈ ਕਿਸੇ ਹੋਰ ਸਕੂਲ ਵਿਚ, ਕਾਲਜ਼ ਵਿਚ ਜਾਂ ਫੇਰ ਕਿਸੇ ਨੌਕਰੀ ਤੇ ਤਾਂ ਕਿ ਗੁਪਤ ਰੂਪ ਵਿਚ ਉਸ ਦਾ ਸੀ. ਆਰ. ਐਫ. ਉਥੇ ਘੱਲ ਦਿਤਾ ਜਾਵੇ।
8. ਸੀ. ਆਰ. ਐਫ. ਨੂੰ ਸੰਪੂਰਨ ਕਰਕੇ ਰੱਖਣਾ ਹਰ ਇਕ ਵਿਅਕਤੀ ਦੇ ਵੱਸ ਦਾ ਰੋਗ ਨਹੀਂ ਹੁੰਦਾ ਹੈ। ਸਾਰੇ ਅਧਿਆਪਕਾਂ ਨੂੰ ਇਸ ਲਈ ਵਿਸੇਸ਼ ਸਿਖਲਾਈ ਕਰਵਾਉਣੀ ਚਾਹੀਦੀ ਹੈ। ਚੰਗਾ ਇਹ ਹੋਵੇ ਜੇਕਰ ਇਸ ਦੀ ਅਧਿਆਪਕਾਂ ਦੀ ਅਧਿਆਪਨ ਸਿੱਖਿਆ ਦੌਰਾਨ ਦੀ ਦੁਹਰਾਈ ਕਰਵਾਈ ਜਾਵੇ।

**(ਸ) ਸੀ. ਆਰ. ਐਫ. ਦੀ ਦੇਖਭਾਲ ਕਰਨ ਦੇ ਮੂਲ ਅਸੂਲ (Basic Principles Governing the Maintenance of Cummulative Record) :**

ਸੀ. ਆਰ. ਐਫ. ਵਿਚ ਦਰਜ ਕਰਨ ਵਾਲੀ ਸਮਗੱਰੀ, ਸੰਖੇਪਤ, ਯੋਗ ਸ਼ਬਦਾਂ ਵਿਚ ਉਲੀਕੀ, ਸੰਪੂਰਨ, ਵਿਸਥਾਰਮਈ, ਪ੍ਰਯੋਗ ਵਿਚ ਲੈ ਆਉਣ ਯੋਗ ਤੇ ਭਰੋਸੇ ਯੋਗ ਹੋਣੀ ਚਾਹੀਦੀ ਹੈ। ਇਸ ਵਿਚ ਦੁਹਰਾਈ ਨਹੀਂ ਹੋਣੀ ਚਾਹੀਦੀ ਤੇ ਨਾ ਹੀ ਇਸ ਲਈ ਕੋਈ ਸੰਖੇਪ ਸਮਗੱਰੀ ਵਰਤਣੀ ਚਾਹੀਦੀ ਹੈ।

1. ਇਸ ਵਿਚ ਸ਼ੁਰੂ ਦੀ ਪੜ੍ਹਾਈ ਕਰਨ ਤੋਂ ਉਪਰੰਤ ਸਾਰੀ ਸੰਪੂਰਨ ਸਮਗੱਰੀ ਹੁੰਦੀ ਹੈ। ਜੇਕਰ ਬੱਚਾ ਸਕੂਲ ਛੱਡ ਕੇ ਦੂਸਰੇ ਸਕੂਲ ਵਿਚ ਜਾਵੇ ਤਾਂ ਇਹ ਸਮਗੱਰੀ ਇਸ ਪ੍ਰਕਾਰ ਵਿਉਂਤਬੰਦ ਕੀਤੀ ਹੋਈ ਹੋਣੀ ਚਾਹੀਦੀ ਹੈ ਕਿ ਉਹ ਉਸ ਨੂੰ ਪੂਰਨ ਭਾਂਤ ਵਰਤ ਸਕੇ।
2. ਇਸ ਨੂੰ ਇਸ ਪ੍ਰਕਾਰ ਸੰਭਾਲ ਕੇ ਰੱਖਣਾ ਚਾਹੀਦਾ ਹੈ ਕਿ ਜੇ ਅਧਿਆਪਕ ਚਾਹੁੰਣ ਤਾਂ ਇਸ ਦੀ ਵਰਤੋਂ ਕਰ ਸਕਣ, ਪਰ ਇਹ ਵਿਦਿਆਰਥੀਆਂ ਦੀ ਪਹੁੰਚ ਵਿਚ ਨਹੀਂ ਹੋਣੀ ਚਾਹੀਦੀ।
3. ਇਸ ਨੂੰ ਭਰਨ ਲਈ ਸਕੀਮ ਸਾਰੇ ਅਧਿਆਪਕਾਂ ਵਿਚ ਰੱਖ ਕੇ ਸਾਰਿਆਂ ਦੀ ਰਾਏ ਲੈਣੀ ਚਾਹੀਦੀ ਹੈ। ਚੰਗਾ ਇਹ ਹੁੰਦਾ ਹੈ ਕਿ ਅਧਿਆਪਕ ਆਪ ਹੀ ਬੱਚੇ ਬਾਰੇ ਸੂਚਨਾ ਅਲੱਗ ਕਾਗਜ ਤੇ ਲਿਖ ਕੇ ਦੇਣ ਤੇ ਕੌਂਸਲਰ ਉਸ ਨੂੰ ਸੀ. ਆਰ. ਐਫ. ਵਿਚ ਦਰਜ ਕਰੇ।
4. ਰਿਕਾਰਡ ਨੂੰ ਇਸ ਪ੍ਰਕਾਰ ਲੜੀਵਾਰ ਰੱਖਣਾ ਚਾਹੀਦਾ ਹੈ ਕਿ ਕਿਸੇ ਬੱਚੇ ਦਾ ਰਿਕਾਰਡ

ਲੱਭਣ ਵਿਚ ਸਮਾਂ ਖਰਾਬ ਨਾ ਹੋਵੇ।

**(ਹ) ਸੀ. ਆਰ. ਐਫ. ਦਾ ਫਰਮਾ (Format of CRF) :**

*(1)* ***ਸੰਬੰਧਤ ਡਾਟਾ (Identification Data) :*** ਬੱਚੇ ਦਾ ਨਾਮ, ਲਿੰਗ, ਬਾਪ ਦਾ ਨਾਮ, ਦਾਖਲਾ ਨੰਬਰ, ਜਨਮ ਮਿਤੀ, ਜਮਾਤ, ਸੈਕਸ਼ਨ ਆਦਿ।

*(2)* ***ਵਾਤਾਵਰਨ ਤੇ ਪਿਛੋਕੜ ਦਾ ਡਾਟਾ (Environmental and Background Data):*** ਇਸ ਵਿਚ ਘਰ ਦਾ ਵੇਰਵਾ, ਸਮਾਜਿਕ ਤੇ ਆਰਥਿਕ ਵੇਰਵੇ, ਪਰਿਵਾਰ ਦੀ ਸਿਆਸੀ ਪੱਧਰ, ਭਰਾਵਾਂ ਭੈਣਾ ਦਾ ਵੇਰਵਾ, ਸਿੱਖਿਅਕ ਪਿਛੋਕੜ, ਕਿੱਤਾ ਆਦਿ ਸ਼ਾਮਲ ਹੁੰਦੇ ਹਨ।

*(3)* ***ਸਰੀਰਕ ਡਾਟਾ (Physical Data) :*** ਭਾਰ, ਕੱਦ, ਬੀਮਾਰੀ, ਆਦਿ ਜੇ ਹੋਵੇ।

*(4)* ***ਮਨੋਵਿਗਿਆਨਕ ਡਾਟਾ (Psychological Data) :*** ਬੁੱਧੀਫੱਲ, ਰੁਚੀਆਂ, ਰੁਝਾਨ, ਵਿਅਕਤੀਤਵ, ਭਾਵੁਕਤਾ, ਸਮਾਜਿਕ ਸੰਮੇਲਣ, ਵਤੀਰੇ, ਜੋ ਕਿ ਟੈਸਟ ਕਰਨ ਤੋਂ ਬਗੈਰ ਟੈਸਟ ਦੀਆਂ ਵਿਧੀਆਂ ਤੋਂ ਇਕੱਤਰ ਕੀਤਾ ਜਾਵੇ।

*(5)* ***ਸਿੱਖਿਅਕ ਡਾਟਾ (Educational Data) :*** ਜੇਕਰ ਕੋਈ ਵਿਅਕਤੀ ਕਿਸੇ ਵਿਸ਼ੇ ਵਿਚ ਲਗਾਤਾਰ ਚੰਗੇ ਅੰਕ ਪ੍ਰਾਪਤ ਕਰੇ ਤਾਂ ਉਸ ਦਾ ਵਿਸੇਸ਼ ਭਾਂਤ ਜ਼ਿਕਰ ਕਰਨਾ ਚਾਹੀਦਾ ਹੈ। ਸਕੂਲ ਵਿਚਲੀਆਂ ਪ੍ਰਾਪਤੀਆਂ, ਗਤੀ ਵਿਧਿਆਂ ਆਦਿ।

*(6)* ***ਕੋ ਕੁਰੀਕੁਲਰ ਡਾਟਾ (Co-curricular Data) :*** ਕਿਸੇ ਪ੍ਰਕਾਰ ਦੇ ਖਾਸ ਵਰਨਣ ਜੋ ਕਿ ਬੌਧਿਕਤਾ, ਸਦਾਚਾਰ, ਸਮਾਜਿਕ ਭਾਂਤ ਦੇ ਹੋਣ।

*(7)* ***ਕਿੱਤਾਕਾਰੀ ਸੂਚਨਾ (Vocational Information) :*** ਵਿਦਿਆਰਥੀ ਦੇ ਕਿੱਤਾਕਾਰੀ ਸੂਚਨਾ ਤੇ ਉਸ ਦੇ ਕਾਰਨ ਆਦਿ।

*(8)* ***ਪ੍ਰਿੰਸੀਪਲ ਦੇ ਸਮੁੱਚੇ ਕਥਨ (Principal's Overall Remarks) :***

**ਸੰਚਿਤ ਰਿਕਾਰਡ ਦਾ ਨਮੂਨਾ** ***(Specimen of Cummulative Record) :***

**ਸਕੂਲ ਦਾ ਨਾਮ**

**(ੳ) ਸਕੂਲ ਦਾ ਸੰਚਿਤ ਰਿਕਾਰਡ ਕਾਰਡ**

ਵਿਦਿਆਰਥੀ ਦਾ ਨਾਮ ..................ਜਨਮ ਮਿਤੀ....................ਲਿੰਗ ....................

ਸਰਪ੍ਰਸਤ ਦਾ ਨਾਮ ............................ ਕਿੱਤਾ.............. ਪਤਾ ................................

ਪਿਤਾ ਦਾ ਨਾਮ .............................. ਕਿੱਤਾ ..........................ਪਤਾ ....................

ਬੱਚੇ ਨਾਲ ਰਿਸ਼ਤਾ ............................ ਪਤਾ ................................

ਟੈਲੀਫੋਨ ਨੰਬਰ ................................

**(ਅ) ਪਿਛੋਕੜਲਾ ਸਿੱਖਿਅਕ ਰਿਕਾਰਡ**

| ਸਕੂਲ | ਕਦੋਂ ਤੋਂ | ਅੰਕ ਪ੍ਰਾਪਤੀ | ਕਦੋਂ ਤੱਕ |
|---|---|---|---|
| | | | |

**(ੲ) ਪਰਿਵਾਰਕ ਪਿਛੋਕੜ**

1. ਪਰਿਵਾਰ ਦੀ ਕਿਸਮ।

2. ਪਰਿਵਾਰ ਦਾ ਆਰਥਿਕ ਪੱਧਰ।
3. ਪਰਿਵਾਰ ਦਾ ਸਮਾਜਿਕ ਤੇ ਸਿਆਸੀ ਪੱਧਰ।

| ਲੜੀ ਨੰ. | ਨਾਮ | ਰਿਸ਼ਤਾ | ਉਮਰ | ਰੁਤਬਾ | ਆਮਦਨ | ਵਿਸ਼ੇਸ਼ ਕਥਨ |
|---|---|---|---|---|---|---|
| 1. | | | | | | |
| 2. | | | | | | |
| 3. | | | | | | |
| 4. | | | | | | |
| 5. | | | | | | |

**(ਸ) ਸਰੀਰਕ ਡੈਟਾ**

ਹਰ ਸਾਲ ਦਾ ਵੇਰਵਾ ਦਿਉ

| ਸਾਲ | ਲੰਬਾਈ | ਭਾਰ | ਛਾਤੀ ਤਾ ਮਾਪ | | ਵਿਸ਼ੇਸ਼ ਕਥਨ |
|---|---|---|---|---|---|
| | | | ਫੁਲਾ ਕੇ | ਬਗੈਰ ਫੁਲਾਏ | |

**(ਹ) ਮੈਡੀਕਲ ਰਿਪੋਰਟ (ਹਰ ਸਾਲ ਦੀ)**

(ਵੇਰਵਾ ਦਿਉ)

ਟੈਸਟ ਤੋਂ ਬਗੈਰ ਵੇਰਵਾ

ਕੋਈ ਬੀਮਾਰੀ

2001

2002

2003

2004

2005

**(ਕ) ਹਾਜ਼ਰੀਆਂ ਹਰ ਸਾਲ ਦੀਆਂ**

| ਸਾਲ | ਕੁਲ ਕੰਮ ਦੇ ਦਿਨ | ਅਸਲੀ | ਹਾਜਰ ਨਾ ਹੋਣ ਦੇ ਕਾਰਨ | ਿਵਸੇਸ਼ਕਥਨ |
|---|---|---|---|---|
| 2000 | | | | |
| 2001 | | | | |
| 2002 | | | | |
| 2003 | | | | |
| 2004 | | | | |
| 2005 | | | | |

**(ਖ) ਮਨੋਵਿਗਿਆਨਕ ਰਿਪੋਰਟ ਦਾ ਮੁਲਾਂਕਣ**

| ਦਾਖਲੇ ਦਾ ਸਾਲ | ਵਿਅਕਤੀਤਵ ਟੈਸਟ | ਰੁਝਾਨ ਟੈਸਟ | ਰੁਚੀ ਟੈਸਟ | ਜਨਰਲ ਟੈਸਟ |
|---|---|---|---|---|
| 2001 | | | | |
| 2002 | | | | |
| 2003 | | | | |
| 2004 | | | | |
| 2005 | | | | |
| 2006 | | | | |

**(ਗ) ਵਜ਼ੀਫ਼ਾ**

| ਮਜਬੂਨ | ਕਲਾਸ ਸਾਲ .......... ਛਮਾਹੀ | ਕਲਾਸ ਸਾਲ .......... ਛਮਾਹੀ | ਕਲਾਸ ਸਾਲ .......... ਛਮਾਹੀ | ਕਲਾਸ ਸਾਲ .......... ਛਮਾਹੀ |
|---|---|---|---|---|
| ਮਜਬੂਨਾਂ ਦੇ ਨਾਮ | | | | |
| ਭਾਸ਼ਾ | | | | |
| ਹਿਸਾਬ | | | | |
| ਘਰੇਲੂ ਵਿਗਿਆਨ | | | | |
| ਸਾਧਾਰਣ ਵਿਗਿਆਨ | | | | |

ਸਮਾਜਿਕ ਸਿੱਖਿਆ
ਡਰਾਇੰਗ/ਕਲਾ
ਸਰੀਰਿਕ ਸਿੱਖਿਆ
ਕੋਈ ਹੋਰ

ਕੁੱਲ ..................................................................
ਕਲਾਸ ਵਿਚ ਦਰਜ਼ਾ......................................................
ਕਲਾਸ ਵਿਚ ਵਿਦਿਆਰਥੀਆਂ ਦੀ ਗਿਣਤੀ................................

**(ਘ) ਕੁ ਕੁਰੀਕੁਲਰ ਕ੍ਰਿਆਵਾਂ**

| ਕ੍ਰਿਆਵਾਂ | ਸਾਰੇ ਸਾਲ ਦੀ ਔਸਤਨ ਉਪਲੱਬਧੀ | | | | |
|---|---|---|---|---|---|
| | 2001 | 2002 | 2003 | 2004 | 2005 |
| ਖੇਡਾਂ | | | | | |
| ਸਫਾਈ | | | | | |
| ਸਹਿਤਕ ਕ੍ਰਿਆਵਾਂ | | | | | |
| ਸੰਸਕ੍ਰਿਤਕ ਕ੍ਰਿਆਵਾਂ | | | | | |
| ਸਮਾਜਿਕ ਕ੍ਰਿਆਵਾਂ | | | | | |

**(ਙ) ਜੁੰਮੇਵਾਰੀ ਨਿਭਾਉਣ ਦਾ ਦਰਜ਼ਾ**

| ਕ੍ਰਿਆਵਾਂ | ਸਾਲ | ਸਾਲ | ਸਾਲ | ਸਾਲ | ਸਾਲ |
|---|---|---|---|---|---|
| ਪੜਾਈ ਵਿਚ | | | | | |
| ਖੇਡਾਂ ਵਿਚ | | | | | |
| ਬਾਲ ਸਭਾ ਵਿਚ | | | | | |
| ਸਕਾਊਟਿੰਗ | | | | | |
| ਐਨ. ਐਸ. ਐਸ. | | | | | |
| ਕੋਈ ਹੋਰ | | | | | |

**(ਪ) ਕਿੱਤਾਕਾਰੀ ਸੂਚਨਾ**

| ਸਾਲ | ਕਿੱਤਾਕਾਰੀ ਟੀਚਾ / ਕੌਂਸਲਰ ਦੀ ਰਿਪੋਰਟ |
|---|---|
| 2001 | |
| 2002 | |
| 2003 | |

2004
2005
2006

**(ਫ) ਵਿਅਕਤੀਗਤ ਟਰੇਟਸ**

| ਟਰੇਟਸ | 2001 | 2002 | 2003 | 2004 | 2005 |
|---|---|---|---|---|---|
| ਸੱਚਾ | | | | | |
| ਇਮਾਨਦਾਰ | | | | | |
| ਸਲੀਕੇ ਵਾਲਾ | | | | | |
| ਮਿਲਾਪੜਾ | | | | | |
| ਮਿਹਨਤੀ | | | | | |
| ਆਤਮ ਵਿਸ਼ਵਾਸੀ | | | | | |
| ਹਿੰਮਤੀ | | | | | |
| ਸਮਾਜਿਕ ਭਾਂਤ ਦਾ | | | | | |
| ਨਾਗਰਿਕ | | | | | |
| ਤਹਿਜ਼ੀਬ ਵਾਲਾ | | | | | |

ਟੈਸਟ ਰਹਿਤ ਵਿਧੀਆਂ

**(ਬ) ਕੌਂਸਲਿੰਗ ਦਾ ਵੇਰਵਾ**

| ਇਨਟਰਵੀਊ ਦੀ ਮਿਤੀ | ਸਮੱਸਿਆ ਦੀ ਕਿਸਮ | ਕੌਂਸਲਰ ਦਾ ਕਥਨ |
|---|---|---|
| 1. | | |
| 2. | | |
| 3. | | |

**(ਭ) ਜਮਾਤ ਦੇ ਅਧਿਆਪਕ ਦੇ ਦਸਤਖਤ** **ਮਿਤੀ**

**(ਮ) ਮੁੱਖ ਅਧਿਆਪਕ ਦਾ ਕਥਨ** **ਮਿਤੀ**

## 4.4 ਸੰਖੇਪ (Summary) :

ਲੋਕਾਂ ਦੀ ਵੱਧ ਤੋਂ ਵੱਧ ਸੇਵਾ ਪ੍ਰਦਾਨ ਕਰਨ ਲਈ, ਸਮੂਹ ਮਾਰਗਦਰਸ਼ਨ ਦੀ ਵਿਧੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਬਹੁਤ ਸਾਰੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਦਾ ਪ੍ਰਯੋਗ ਇਸ ਲਈ ਵੀ ਕੀਤਾ ਜਾਂਦਾ ਹੈ ਤਾਂ ਜੋ ਸਮਾਂ ਕੌਂਸਲਰ ਪਾਸ ਬਚਦਾ ਹੈ, ਉਸ ਨੂੰ ਹੋਰ ਵਿਦਿਆਰਥੀਆਂ ਨੂੰ ਵਿਅਕਤੀਗਤ ਅਗਵਾਈ ਲਈ ਵਰਤਿਆ ਜਾਵੇ। ਇਸ ਵਿਧੀ ਦੀਆਂ ਆਪਣੀਆਂ ਹੀ ਵਿਸੇਸ਼ਤਾਈਆਂ ਹਨ ਤੇ ਆਪਣੀਆਂ ਹੀ ਕਮਜੋਰੀਆਂ

ਹੁੰਦੀਆਂ ਹਨ। ਅਸੈਂਬਲੀਆਂ, ਜੀ ਆਇਆਂ ਨੂੰ, ਸਮਾਗਮ, ਭਾਸ਼ਨ, ਕੈਰੀਅਰ ਦੀਆਂ ਕ੍ਰਿਆਵਾਂ, ਕੈਰੀਅਰ ਦਿਨ ਤੇ ਰਾਤਾਂ, ਕਿੱਤਾਕਾਰੀ ਸਮੱਗਰੀ ਨੂੰ ਸਕੂਲ ਵਿਚ ਪੜ੍ਹਾਏ ਜਾਣ ਵਾਲੇ ਵਿਸ਼ਿਆਂ ਨਾਲ ਜੋੜਨਾ ਤੇ ਮਾਸ ਮੀਡੀਆ ਕੁਝ ਇਕ ਇਸ ਪ੍ਰਕਾਰ ਦੀਆਂ ਤਕਨੀਕਾਂ ਹਨ ਜਿਨ੍ਹਾਂ ਦਾ ਪ੍ਰਯੋਗ ਆਮ ਕੀਤਾ ਜਾਂਦਾ ਹੈ।

ਸੰਚਿਤ ਰਿਕਾਰਡ ਨੂੰ ਲਾਗੂ ਕਰਨਾ, ਇਸ ਵਿਚ ਯੋਗ ਭਾਂਤ ਦੀ ਸਮੱਗਰੀ ਨੂੰ ਦਰਜ ਕਰਨਾ ਤੇ ਇਸ ਨੂੰ ਸੰਪੂਰਨ ਬਨਾਉਣਾ ਉਸ ਦਿਨ ਤੋਂ ਲੈ ਕੇ ਜਦੋਂ ਬੱਚਾ ਸਕੂਲ ਵਿਚ ਦਾਖਲ ਹੁੰਦਾ ਹੈ ਤੋਂ ਲੈ ਕੇ ਉਸ ਦਿਨ ਤੱਕ ਜਦੋਂ ਤੱਕ ਕਿ ਬੱਚਾ ਸਕੂਲ ਵਿਚ ਰਹਿੰਦਾ ਹੈ, ਬੜਾ ਮਹੱਤਵਪੂਰਨ ਕੰਮ ਹੁੰਦਾ ਹੈ, ਜਿਸ ਨੂੰ ਮਾਰਗਦਰਸ਼ਨ ਤੇ ਸਾਧਨਾਂ ਲਈ ਆਮ ਵਰਤਿਆ ਜਾਂਦਾ ਹੈ। ਇਹ ਹੀ ਇਕ ਅਜਿਹਾ ਸਾਧਨ ਹੁੰਦਾ ਹੈ ਜਿਸ ਵਿਚ ਕਿਸੇ ਵਿਦਿਆਰਥੀ ਬਾਬਤ ਵੱਧ ਤੋਂ ਵੱਧ ਸੂਚਨਾ ਇਕੱਤਰ ਕੀਤੀ ਜਾਂਦੀ ਹੈ। ਉਸ ਦੇ ਵਿਹਾਰ, ਉਸ ਦੀਆਂ ਸਕੂਲ ਦੀਆਂ ਪ੍ਰਾਪਤੀਆਂ, ਘਰ ਦਾ ਵੇਰਵਾ, ਵਿਸੇਸ਼ ਪ੍ਰਾਪਤੀਆਂ, ਉਸ ਦੀਆਂ ਅਸਫਲਤਾਵਾਂ ਤੇ ਉਸ ਦੁਆਰਾ ਸਾਹਮਣੇ ਆਈਆਂ ਮੁਸ਼ਕਲਾਂ। ਇਸ ਨੂੰ ਕਾਰਡ ਵਿਚ ਜਾਂ ਫਾਈਲ ਵਿਚ ਰੱਖਿਆ ਜਾ ਸਕਦਾ ਹੈ ਤੇ ਇਸ ਦੇ 8 ਤੋਂ 10 ਪੰਨੇ ਹੋ ਸਕਦੇ ਹਨ। ਇਸ ਨੂੰ ਭਰਨ ਵਾਲਿਆਂ ਦੀ ਵਿਸੇਸ਼ ਸਿਖਲਾਈ ਕਰਨ ਦੀ ਲੋੜ ਹੁੰਦੀ ਹੈ, ਇਸ ਦੀ ਵਰਤੋਂ ਸਕੂਲ, ਮਾਪੇ ਤੇ ਰੋਜ਼ਗਾਰਦਾਤਾ ਕਰ ਸਕਦੇ ਹਨ।

## 4.4 ਸੁਝਾਏ ਪ੍ਰਸਨ:

1) ਇੰਟਰਵਿਊ ਤੋਂ ਤੁਸੀ ਕੀ ਸਮਝਦੇ ਹੋ? ਇੰਟਰਵਿਊ ਦੀਆਂ ਕਿਸਮਾਂ ਬਾਰੇ ਚਰਚਾ ਕਰੋ।
2) ਸੰਚਿਤ ਰਿਕਾਰਡ ਤੋਂ ਤੁਹਾਡਾ ਕੀ ਭਾਵ ਹੈ? ਇਸਦੇ ਗੁਣਾਂ ਦੀ ਵਿਆਖਿਆ ਕਰੋ।

## 4.6 ਸੁਝਾਈ ਪੁਸਤਕ ਸੂਚੀ (Suggested Books)


1. ਟਰੈਕਸਲਰ, ਏ. ਈ. : ਤਕਨੀਕ ਆਫ਼ ਗਾਈਡੈਂਸ, ਹਾਰਪਰ ਐਂਡ ਬਰਦਰਜ਼, ਨਿਊਯਾਰਕ-1957
2. ਜਾਨਸ, ਆਰਥਰ ਜੇ. : ਪ੍ਰਿੰਸੀਪਲਜ਼ ਆਫ਼ ਗਾਈਡੈਂਸ, ਮੈਕਗਰਾਅ ਹਿਲ ਕੰਪਨੀ, ਨਿਊਯਾਰਕ, 1963
3. ਸੋਢੀ, ਟੀ. ਐਸ. ਐਂਡ ਸੂਰੀ, ਐਸ. ਪੀ. : ਗਾਈਡੈਂਸ ਐਂਡ ਕਾਊਂਸਲਿੰਗ, ਬਾਵਾ ਪਬਲਿਕੇਸ਼ਨਜ਼, ਪਟਿਆਲਾ, 2005
4. ਸੋਢੀ, ਟੀ. ਐਸ. ਐਂਡ ਸੋਢੀ, ਹਰਿੰਦਰ : ਮਾਰਗ ਦਰਸ਼ਨ ਅਤੇ ਕੌਂਸਲਿੰਗ, ਬਾਵਾ ਪਬਲੀਕੇਸ਼ਨਜ਼, ਪਟਿਆਲਾ, 2004